# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਐਜੂਕੇਸ਼ਨ) ਸਮੈਸਟਰ ਦੂਜਾ

ਪੇਪਰ : ਸਿੱਖਿਆ ਮਨੋਵਿਗਿਆਨ ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

1.1 ਮਨੋਵਿਗਿਆਨ : ਮਨੋਵਿਗਿਆਨ ਦਾ ਅਰਥ ਅਤੇ ਸਰੂਪ ਮਨੋਵਿਗਿਆਨ ਅਤੇ ਸਿੱਖਿਆ ਦਾ ਆਪਸੀ ਸੰਬੰਧ

1.2 ਸਿੱਖਿਆ ਮਨੋਵਿਗਿਆਨ ਦਾ ਸਰੂਪ ਅਤੇ ਵਿਸ਼ਾ ਖੇਤਰ

1.3 ਮਨੁੱਖੀ ਵਿਕਾਸ ਦੇ ਪੜਾਅ : ਸ਼ਿਸੂਕਾਲ,ਬਚਪਨਕਾਲ ਅਤੇ ਕਿਸ਼ੋਰ ਅਵਸਥਾ, ਲੋੜਾਂ, ਮਹੱਤਤਾ ਅਤੇ ਸਮੱਸਿਆਵਾਂ

**Department website : www.pbidde.org**

**ਪਾਠ ਨੰ: 1.1** **ਲੇਖਿਕਾ: ਸ਼੍ਰੀਮਤੀ ਅਮਿਤਾ ਕਾਯਸਥਾ**

## ਮਨੋਵਿਗਿਆਨ: ਮਨੋਵਿਗਿਆਨ ਦਾ ਅਰਥ ਅਤੇ ਸਰੂਪ, ਮਨੋਵਿਗਿਆਨ ਅਤੇ ਸਿੱਖਿਆ ਦਾ ਆਪਸੀ ਸੰਬੰਧ

**ਬਣਤਰ**

**1.1.1 ਉਦੇਸ਼**
**1.1.2 ਭੂਮਿਕਾ**
**1.1.3 ਮਨੋਵਿਗਿਆਨ ਦਾ ਅਰਥ**
**1.1.3.1 ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ**
**1.1.4 ਮਨੋਵਿਗਿਆਨ ਦਾ ਸਰੂਪ**
**1.1.5 ਸਿੱਖਿਆ ਦਾ ਅਰਥ**
**1.1.5.1 ਸਿੱਖਿਆ ਦੀਆਂ ਪਰਿਭਾਸ਼ਾਵਾਂ**
**1.1.6 ਮਨੋਵਿਗਿਆਨ ਅਤੇ ਸਿੱਖਿਆ ਦਾ ਆਪਸੀ ਸੰਬੰਧ**
**1.1.7 ਸਾਰਾਂਸ਼**
**1.1.8 ਸ਼ਬਦਾਵਲੀ**
**1.1.9 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ**
**1.1.10 ਸਵੈ ਮੁਲਾਂਕਣ ਅਭਿਆਸ**

### 1.1.1 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਹੇਠ ਲਿੱਖੇ ਤੱਥਾਂ ਤੋਂ ਜਾਣੂ ਹੋਣਗੇ:

1. ਮਨੋਵਿਗਿਆਨ ਦਾ ਅਰਥ ਦੱਸਣ ਦੇ ਯੋਗ ਹੋਣਗੇ।
2. ਮਨੋਵਿਗਿਆਨ ਨੂੰ ਪਰਿਭਾਸ਼ਿਤ ਕਰਣ ਦੇ ਯੋਗ ਹੋਣਗੇ।
3. ਮਨੋਵਿਗਿਆਨ ਦੇ ਸਰੂਪ ਦੀ ਵਿਆਖਿਆ ਕਰਣ ਦੇ ਯੋਗ ਹੋਣਗੇ।
4. ਸਿੱਖਿਆ ਦਾ ਅਰਥ ਦੱਸਣ ਦੇ ਯੋਗ ਹੋਣਗੇ।
5. ਸਿੱਖਿਆ ਦੀਆਂ ਪਰਿਭਾਸ਼ਾਵਾਂ ਦੱਸਣ ਦੇ ਸਕਣਗੇ ਯੋਗ ਹੋਣਗੇ।
6. ਸਿੱਖਿਆ ਅਤੇ ਮਨੋਵਿਗਿਆਨ ਦੇ ਆਪਸੀ ਸੰਬੰਧ ਬਾਰੇ ਚਰਚਾ ਕਰ ਸਕਣਗੇ।

### 1.1.2 ਭੂਮਿਕਾ (Introduction)

ਮਨੁੱਖੀ ਵਿਵਹਾਰ ਨੂੰ ਸਮਝਣਾ ਬਹੁਤ ਹੀ ਕਠਿਨ ਹੈ। ਹਰ ਕੋਈ ਮਨੁੱਖੀ ਵਿਵਹਾਰ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਪਹਿਲੋਂ ਮਨੋਵਿਗਿਆਨ ਦਰਸ਼ਨ-ਸ਼ਾਸਤਰ ਦਾ ਹੀ ਇੱਕ ਹਿੱਸਾ ਮੰਨਿਆ ਜਾਂਦਾ ਸੀ। ਇਸ ਕਰਕੇ ਦਰਸ਼ਨ-ਸ਼ਾਸਤਰ ਹੀ ਇਸ ਵਿਸ਼ੇ ਦੀ ਜਨਨੀ ਹੈ। ਮਨੁੱਖ ਸੰਬੰਧੀ ਸੁਆਲਾਂ ਦੇ ਜੁਆਬ ਪਹਿਲੋਂ ਦਰਸ਼ਨ ਸ਼ਾਸਤਰ ਹੀ ਦਿੰਦਾ ਸੀ। ਫਿਰ ਹੌਲੀ-ਹੌਲੀ ਮਨੁੱਖ ਨੂੰ ਸਮਝਣ ਦਾ ਕੰਮ ਮਨੋਵਿਗਿਆਨ ਨੇ ਲੈ ਲਿਆ। ਮਨੋਵਿਗਿਆਨ ਦੇ ਅਰਥ ਕਈ ਪੜਾਵਾਂ ਵਿੱਚੋਂ ਲੰਘੇ ਹਨ। ਇਹ ਕੋਈ ਬਹੁਤ ਪੁਰਾਣਾ ਵਿਸ਼ਾ ਨਹੀਂ ਹੈ ਅਤੇ ਅੱਜਕਲ ਇਹ ਇੱਕ ਸੁਤੰਤਰ ਵਿਸ਼ਾ ਦੇ ਤੌਰ ਤੇ ਪੜ੍ਹਾਇਆ ਜਾ ਰਿਹਾ ਹੈ।

### 1.1.3 ਮਨੋਵਿਗਿਆਨ ਦਾ ਅਰਥ (Meaning of Psychology)

'ਮਨੋਵਿਗਿਆਨ' ਅੰਗ੍ਰੇਜ਼ੀ ਦੇ ਸ਼ਬਦ 'ਸਾਈਕਾਲੋਜੀ' ਦਾ ਅਨੁਵਾਦ ਹੈ ਜਿਹੜਾ ਦੋ ਯੂਨਾਨੀ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ – 'ਸਾਈਕੀ ' ਅਤੇ 'ਲੋਗਸ'। ਸਾਈਕੀ ਦਾ ਅਰਥ ਹੈ 'ਆਤਮਾ' ਅਤੇ ਲੋਗਸ ਦਾ ਅਰਥ ਹੈ 'ਅਧਿਐਨ'। ਇਸ ਤਰ੍ਹਾਂ ਸਾਈਕਾਲੋਜੀ ਦਾ ਅਰਥ ਹੋਇਆ – ਆਤਮਾ ਦਾ ਅਧਿਐਨ। ਅੱਜ ਕੱਲ੍ਹ ਮਨੋਵਿਗਿਆਨ ਦੇ ਵਿਸ਼ੇ ਦੀ ਸੁਤੰਤਰ ਹੋਂਦ ਹੈ। ਸਭ ਤੋਂ ਪਹਿਲਾਂ ਇਸਨੂੰ ਦਰਸ਼ਨ ਸ਼ਾਸਤਰ ਦੀ ਹੀ ਇੱਕ ਸ਼ਾਖਾ ਸਮਝਿਆ ਜਾਂਦਾ ਸੀ। ਡੈਮੋਕਰੀਟਸ ਪਹਿਲਾ ਦਾਰਸ਼ਨਿਕ ਸੀ ਜਿਸ ਦੇ ਅਨੁਸਾਰ ਹਰੇਕ ਵਸਤੂ ਅਖੰਡ ਗਤੀਸ਼ੀਲ ਪਰਮਾਣੂਆਂ ਦੀ ਬਣੀ ਹੋਈ ਹੈ। ਇਸ ਲਈ ਆਤਮਾ ਦੇ ਸੁਭਾਅ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਇਸ ਤਰ੍ਹਾਂ ਕੁਝ ਹੋਰ ਦਾਰਸ਼ਨਿਕਾਂ ਨੇ ਉਸਦੇ ਇਸ ਵਿਚਾਰ ਦਾ ਖੰਡਨ ਕੀਤਾ ਕਿ ਮਨੋਵਿਗਿਆਨ ਆਤਮਾ ਦਾ ਵਿਗਿਆਨ ਹੈ। ਉਨ੍ਹਾਂ ਦੇ ਅਨੁਸਾਰ ਮਨੋਵਿਗਿਆਨ 'ਮਨ ਦਾ ਵਿਗਿਆਨ' ਹੈ। ਇਸ ਪਰਿਭਾਸ਼ਾ ਨੂੰ ਠੋਸ ਰੂਪ ਦੇਣ ਲਈ ਮਨ ਦੇ ਸੁਭਾਅ ਤੇ ਵਿਚਾਰ ਕੀਤਾ ਗਿਆ। ਪਰ ਜਿਵੇਂ ਆਤਮਾ ਦੇ ਸੁਭਾਅ ਬਾਰੇ ਠੋਸ ਪਰਮਾਣ ਨਹੀਂ ਮਿਲੇ, ਇਸੇ ਤਰ੍ਹਾਂ ਕਿਸੇ ਪਰਿਭਾਸ਼ਾ ਨੇ ਮਨ ਦੇ ਸੁਭਾਅ ਨੂੰ ਵੀ ਨਹੀਂ ਮੰਨਿਆ ਅਤੇ ਦਾਰਸ਼ਨਿਕਾਂ ਨੇ ਕੁਝ ਸਮੇਂ ਬਾਅਦ ਇਸ ਪਰਿਭਾਸ਼ਾ ਨੂੰ ਵੀ ਰੱਦ ਕਰ ਦਿੱਤਾ। ਅਸੀਂ ਦੇਖਦੇ ਹਾਂ ਕਿ ਮਨੁੱਖ ਦੇ ਰੁਝੇਵੇਂ ਸਵੇਰੇ ਤੋਂ ਲੈ ਕੇ ਸ਼ਾਮ ਤੱਕ ਹੁੰਦੇ ਹਨ। ਉਹ ਆਪਣੇ ਬਾਹਰੀ ਵਾਤਾਵਰਣ ਨੂੰ ਵੀ ਧਿਆਨ ਵਿੱਚ ਰੱਖਦਾ ਹੈ। ਇੱਥੇ ਜਾ ਕੇ ਮਨੋਵਿਗਿਆਨ ਨੂੰ **'ਚੇਤਨਾ ਦਾ ਵਿਗਿਆਨ'** ਕਿਹਾ ਗਿਆ। ਇਸ ਤਰ੍ਹਾਂ ਮਨੋਵਿਗਿਆਨ ਦੀ ਪਰਿਭਾਸ਼ਾ ਚੇਤਨਾ ਦੇ ਵਿਗਿਆਨ ਦੇ ਤੌਰ ਤੇ ਕੀਤੀ ਗਈ। ਚੇਤਨਾ ਦਾ ਅਰਥ ਹੈ 'ਸਥਿਤੀ ਦਾ ਗਿਆਨ' ਜਾਂ ਸਥਿਤੀ ਬਾਰੇ ਸੁਚੇਤ ਹੋਣਾ। ਚੇਤਨਾ ਮਨੁੱਖ ਦੇ ਅੰਦਰੂਨੀ ਅਨੁਭਵਾਂ ਵਿਚਾਰਾਂ ਅਤੇ ਯਾਦਾਂ ਦੀ ਨਿਸ਼ਾਨੀ ਹੈ। ਪਰੰਤੂ ਕੁੱਝ ਸਮੇਂ ਬਾਅਦ ਇਸ ਪਰਿਭਾਸ਼ਾ ਤੇ ਵੀ ਟਿੱਪਣੀਆਂ ਹੋਈਆਂ। ਫਰਾਇਡ ਜੋ ਕਿ ਇੱਕ ਮਨੋਵਿਸ਼ਲੇਸ਼ਕ ਸੀ, ਨੇ ਦੱਸਿਆ ਕਿ ਚੇਤਨਾ ਸਾਡੇ ਮਨ ਦਾ ਦੱਸਵਾਂ ਭਾਗ ਹੈ, ਜਦ ਕਿ ਅਚੇਤਨ ਇਸ ਦਾ 9/10 ਭਾਗ ਹੈ। ਮਨੁੱਖ ਦੀ ਸ਼ਖ਼ਸਿਅਤ ਨੂੰ ਸਮਝਣ ਲਈ ਉਹਦੇ ਅਚੇਤ ਮਨ ਨੂੰ ਜਾਨਣਾ ਬਹੁਤ ਜ਼ਰੂਰੀ ਹੁੰਦਾ ਹੈ ਜੋ ਕਿ ਉਪਰੋਕਤ ਪਰਿਭਾਸ਼ਾ ਵਿੱਚ ਨਹੀਂ ਲਿਆ ਗਿਆ। ਇਸ ਤਰ੍ਹਾਂ ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ ਵੀ ਇਸ ਨੂੰ ਸਹੀ ਅਰਥ ਨਹੀਂ ਦੇ ਸਕੀਆਂ।

ਪ੍ਰਯੋਗਾਤਮਕ ਮਨੋਵਿਗਿਆਨ ਦੇ ਵਿਕਾਸ ਨਾਲ ਮਨੋਵਿਗਿਆਨ ਦਾ ਇੱਕ ਨਵਾਂ ਰੂਪ ਸਾਹਮਣੇ ਆਇਆ ਜਦੋਂ ਕਿ ਵਿਵਹਾਰਵਾਦੀਆਂ ਨੇ ਮਨੋਵਿਗਿਆਨ ਨੂੰ **'ਵਿਵਹਾਰ ਦਾ ਵਿਗਿਆਨ'** ਦੱਸਿਆ। ਸਭ ਤੋਂ ਪਹਿਲਾਂ ਵਾਟਸਨ ਨੇ ਮਨੋਵਿਗਿਆਨ ਨੂੰ ਵਿਵਹਾਰ ਦਾ 'ਧਨਾਤਮਕ ਵਿਗਿਆਨ' ਕਿਹਾ। (According to Watson, "Psychology is a Positive Science of Behaviour")

### 1.1.3.1 ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ (Definitions of Psychology)

ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ ਹੇਠ ਲਿਖੀਆਂ ਹਨ:

1. **ਵੁਡਵਰਥ** ਅਨੁਸਾਰ, "ਮਨੋਵਿਗਿਆਨ ਵਾਤਾਵਰਣ ਦੇ ਸੰਬੰਧ ਵਿੱਚ ਵਿਅੱਕਤੀ ਦੀਆਂ ਕਿਰਿਆਵਾਂ ਦਾ ਵਿਗਿਆਨ ਹੈ।" ਭਾਵ ਵਿਅੱਕਤੀ ਦੀਆਂ ਆਪਣੇ ਵਾਤਾਵਰਣ ਵਿੱਚ ਕੀ ਗਤੀਵਿਧੀਆਂ ਹਨ? ਉਹ ਕੀ ਅਤੇ ਕਿਵੇਂ ਕਰਦਾ ਹੈ? ਆਦਿ।
2. **ਗੈਰਟ** ਦੇ ਅਨੁਸਾਰ, "ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਅਧਿਐਨ ਹੈ ਅਤੇ ਵਿਅੱਕਤੀ ਕੀ, ਕਿਵੇਂ ਅਤੇ ਕਿਉਂ ਕਿਸ ਤਰ੍ਹਾਂ ਕਰਦਾ ਹੈ –ਇਸ ਦਾ ਵਿਸ਼ਾ ਵਸਤੂ ਹੈ।"
3. **ਕ੍ਰੋ ਅਤੇ ਕ੍ਰੋ** ਦੇ ਅਨੁਸਾਰ, "ਮਨੋਵਿਗਿਆਨ ਮਨੁੱਖੀ ਵਿਵਹਾਰ ਅਤੇ ਮਨੁੱਖੀ ਸੰਬੰਧਾਂ ਦਾ ਅਧਿਐਨ ਹੈ।"
4. **ਸਕਿਨਰ** ਦੇ ਅਨੁਸਾਰ, "ਮਨੋਵਿਗਿਆਨ ਵਿਅੱਕਤੀ ਦੇ ਵਿਵਹਾਰ ਅਤੇ ਅਨੁਭਵਾਂ ਦਾ ਵਿਗਿਆਨਕ ਅਧਿਐਨ ਹੈ।"
5. **ਪਿਲਜ਼ਬਰੀ** ਦੇ ਅਨੁਸਾਰ, "ਮਨੋਵਿਗਿਆਨ ਵਿਅੱਕਤੀ ਦੇ ਵਿਵਹਾਰ ਦਾ ਅਧਿਐਨ ਹੈ।"

ਮਨੋਵਿਗਿਆਨ ਵਿਅੱਕਤੀ ਦੀਆਂ ਕ੍ਰਿਆਵਾਂ ਦਾ ਅਧਿਐਨ ਹੈ। ਇਸ ਵਿੱਚ ਮਾਨਸਿਕ, ਸਰੀਰਕ ਅਤੇ ਭੌਤਿਕ ਕ੍ਰਿਆਵਾਂ ਵੀ ਸ਼ਾਮਿਲ ਹੁੰਦੀਆਂ ਹਨ। ਸਮੂਚੇ ਰੂਪ ਵਿੱਚ ਮਨੋਵਿਗਿਆਨ ਵਿਅੱਕਤੀ ਦੀਆਂ ਮਾਨਸਿਕ ਕ੍ਰਿਆਵਾਂ ਅਤੇ ਵਿਵਹਾਰ ਦਾ ਵਿਗਿਆਨਕ ਅਧਿਐਨ ਹੈ।

### 1.1.4 ਮਨੋਵਿਗਿਆਨ ਦਾ ਸਰੂਪ (Nature of Psychology)

ਮਨੋਵਿਗਿਆਨ ਅਜਿਹਾ ਵਿਗਿਆਨ ਹੈ ਜੋ ਵਿਅੱਕਤੀਆਂ ਜਾਂ ਸਮੂਹਾਂ ਦੇ ਵਤੀਰੇ ਦਾ ਵਿਸ਼ਲੇਸ਼ਣ ਕਰਕੇ ਭਵਿੱਖਵਾਣੀ ਕਰਨ ਲਈ ਵਿਗਿਆਨਕ ਤਰੀਕੇ ਵਰਤ ਕੇ, ਅੰਕੜੇ ਇੱਕਠੇ ਕਰਦਾ ਹੈ। ਮਨੋਵਿਗਿਆਨ ਨੂੰ ਵਿਵਹਾਰ ਦਾ ਵਿਗਿਆਨਕ ਅਧਿਐਨ ਕਿਹਾ ਜਾਂਦਾ ਹੈ। ਮਨੋਵਿਗਿਆਨਕ ਖੋਜ ਵਿਚ ਅਸੀਂ ਉਨ੍ਹਾਂ ਤੱਤਾਂ ਬਾਰੇ ਜ਼ਿਆਦਾ ਜਾਣਨਾ ਚਾਹੁੰਦੇ ਹਾਂ ਜਿਹੜੇ ਮਨੁੱਖੀ ਵਤੀਰੇ ਨਾਲ ਸਬੰਧਤ ਅਤੇ ਪਰਿਕਲਪਨਾਵਾਂ ਦੀ ਪ੍ਰਣਾਲੀ ਵਿੱਚ ਮੌਜੂਦ ਸੰਬੰਧ ਨੂੰ ਪਰਖਣ ਲਈ ਜ਼ਰੂਰੀ ਹੋਣ। ਮਨੋਵਿਗਿਆਨ ਰਾਹੀਂ ਵਤੀਰੇ ਨੂੰ ਸਮਝ ਕੇ ਨਿਯੰਤਰਣ ਕਰਕੇ ਭਵਿੱਖਵਾਣੀ ਕਰ ਸਕਦੇ ਹਾਂ। ਉਨੀਵੀਂ ਸਦੀ ਦੇ ਪਿਛਲੇ ਅੱਧ ਵਿੱਚ ਜਰਮਨੀ ਵਿੱਚ ਫਿਜ਼ੀਆਲੋਜੀ ਦੇ ਅਧਿਐਨ ਰਾਹੀਂ ਮਨੋਵਿਗਿਆਨ ਨੂੰ ਬਾਇਆਲਾਜੀਕਲ ਵਿਗਿਆਨ ਮੰਨਿਆ ਗਿਆ। ਪਰੰਤੂ ਜਦੋਂ ਮਨੋਵਿਗਿਆਨ ਰਾਹੀਂ ਵਿਅੱਕਤੀ ਦੇ ਵਤੀਰੇ ਨੂੰ ਸਮਝਿਆ ਗਿਆ ਤਾਂ ਇਸ ਨੂੰ ਵਿਵਹਾਰਿਕ ਵਿਗਿਆਨ ਦਾ ਨਾਂ ਦਿੱਤਾ ਗਿਆ। ਡਰੀਵਰ ਦੇ ਅਨੁਸਾਰ, "ਵਿਵਹਾਰ ਜੀਵਨ ਪ੍ਰਸਥਿਤੀਆਂ ਪ੍ਰਤੀ ਜੀਵਧਾਰਾ ਦੇ ਅਨੁਭਵ ਦੇ ਜੋੜ ਦਾ ਨਾਂ ਹੈ। ਇਸ ਵਿੱਚ ਸਰੀਰਕ ਅਤੇ ਮਾਨਸਿਕ ਦੋਵੇਂ ਵਿਵਹਾਰ ਸ਼ਾਮਿਲ ਹਨ। ਇਸ ਵਿੱਚ ਸਾਧਾਰਨ ਅਤੇ ਅਸਾਧਾਰਨ ਵਿਵਹਾਰ, ਬੱਚੇ ਅਤੇ ਬਾਲਗ ਦਾ ਵਿਵਹਾਰ, ਮਨੁੱਖ ਅਤੇ ਪਸ਼ੂ ਦਾ ਵਿਵਹਾਰ ਵੀ ਸ਼ਾਮਿਲ ਹਨ।"

ਮਨੋਵਿਗਿਆਨ ਵਿਅੱਕਤੀ ਦਾ ਵਿਗਿਆਨਕ ਅਧਿਐਨ ਹੈ ਜਿਸ ਦਾ ਸੰਬੰਧ ਵਿਵਹਾਰ ਅਤੇ ਅਨੁਭਵ ਨਾਲ ਹੈ। ਵਿਅੱਕਤੀ ਭਾਵੇਂ ਮਨੁੱਖ ਹੋਵੇ ਜਾਂ ਪਸ਼ੂ, ਬੱਚਾ ਹੋਵੇ ਜਾਂ ਬਾਲਿਗ, ਮਰਦ ਹੋਵੇ ਜਾਂ ਔਰਤ, ਸਾਧਾਰਨ ਹੋਵੇ ਜਾਂ ਬੁੱਧੀਮਾਨ, ਜ਼ਹੀਨ ਹੋਵੇ ਜਾਂ ਮੰਧ-ਬੁੱਧੀ ਵਾਲਾ, ਇੱਕਲਾ ਹੋਵੇ ਜਾਂ ਸਮੂਹ ਵਿੱਚ, ਭਾਵੇਂ ਉਸ ਦਾ ਵਿਵਹਾਰ ਚੰਗਾ ਹੋਵੇ ਜਾਂ ਮਾੜਾ, ਨੈਤਿਕ ਹੋਵੇ ਜਾਂ ਅਨੈਤਿਕ, ਮਨੋਵਿਗਿਆਨ ਦੇ ਅਧਿਐਨ ਦਾ ਵਿਸ਼ਾ ਬਣ ਸਕਦਾ ਹੈ। ਇਸ ਤਰ੍ਹਾਂ ਇਹ ਸੋਚਣ ਸ਼ਕਤੀ, ਕਲਪਨਾ ਅਤੇ ਵਿਚਾਰ ਸ਼ਕਤੀ, ਗਿਆਨ, ਹੁਸ਼ਿਆਰੀ ਅਤੇ ਹੋਰ ਦਿਮਾਗ਼ੀ ਅਨੁਭਵਾਂ ਦਾ ਅਧਿਐਨ ਕਰਦਾ ਹੈ।

ਇੱਥੇ ਇੱਕ ਗੱਲ ਸਪਸ਼ਟ ਕਰ ਦੇਣੀ ਚਾਹੀਦੀ ਹੈ ਕਿ ਮਨੋਵਿਗਿਆਨ "ਕੀ ਹੈ" (What is?) ਦਾ ਵਿਗਿਆਨ ਹੈ। 'ਕੀ ਹੋਣਾ ਚਾਹੀਦਾ ਹੈ?' (What ought to be?) ਦਾ ਵਿਗਆਨ ਨਹੀਂ। ਮਨੋਵਿਗਿਆਨ ਕੇਵਲ ਇਹ ਦਸਦਾ ਹੈ ਕਿ ਕਿਸੇ ਵਿਅੱਕਤੀ ਦਾ ਵਿਵਹਾਰ ਕੈਸਾ ਹੈ -ਸਿਆਣਾ, ਦਇਆਮਈ, ਝਗੜਾਲੂ, ਮੂਰਖਤਾ ਵਾਲਾ, ਸਾਊ, ਸੰਦੇਹਕ ਜਾਂ ਵਿਸ਼ਵਾਸ਼ੀ, ਸੰਚਾਲਨ ਕਰਨ ਵਾਲਾ ਜਾਂ ਪਿੱਛੇ ਲੱਗਣ ਵਾਲਾ ਆਦਿ। ਮਨੋਵਿਗਿਆਨ ਇਹ ਨਹੀਂ ਦਸਦਾ ਕਿ ਕਿਸੇ ਵਿਅੱਕਤੀ ਦਾ ਵਿਵਹਾਰ ਚੰਗਾ ਹੈ ਜਾਂ ਮਾੜਾ, ਉਸਦੇ ਵਿਚਾਰ ਉੱਚੇ ਹਨ ਜਾਂ ਨੀਵੇਂ, ਵਧੀਆ ਹਨ ਜਾਂ ਘਟੀਆ। ਮਨੋਵਿਗਿਆਨ ਵਸਤੂਨਿਸ਼ਠ (Objective) ਹੈ, ਮੁੱਲ ਪਾਉਣਾ ਕੇਵਲ ਦਰਸ਼ਨ ਦਾ ਵਿਸ਼ਾ ਹੈ। ਮਨੋਵਿਗਿਆਨ ਦਾ ਸੰਬੰਧ ਵਿਵਹਾਰ ਨੂੰ ਸਮਝਣਾ, ਇਸ ਬਾਰੇ ਭਵਿੱਖਵਾਣੀ ਕਰਨਾ ਅਤੇ ਇਸ ਤੇ ਕਾਬੂ ਪਾਉਣਾ ਹੈ। ਪ੍ਰੋਫੈਸਰ ਗੈਰਟ ਅਨੁਸਾਰ, "ਮਨੋਵਿਗਿਆਨ ਮਨੁੱਖ ਦੇ ਵਿਵਹਾਰ ਦਾ ਅਧਿਐਨ ਹੈ ਅਤੇ ਇਸ ਦਾ ਵਿਸ਼ਾ ਵਸਤੂ ਇਹ ਹੈ ਕਿ ਲੋਗ ਕੀ ਕਰਦੇ ਹਨ, ਕਿਵੇਂ ਕਰਦੇ ਹਨ ਅਤੇ ਕਿਉਂ ਕਰਦੇ ਹਨ।"

ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਮਨੋਵਿਗਿਆਨ

(i) ਇੱਕ **ਵਿਗਿਆਨ** ਹੈ।
(ii) ਇਹ ਇੱਕ **ਧਨਾਤਮਕ ਵਿਗਿਆਨ** ਹੈ।
(iii) ਇਹ ਪ੍ਰਕ੍ਰਿਤਿਕ ਵਿਗਿਆਨ ਨਹੀਂ ਹੈ ਬਲਕਿ ਉਸ ਦੀ ਇੱਕ ਸ਼ਾਖਾ ਹੈ। ਇਹ ਵਿਵਹਾਰ ਦਾ ਵਿਗਿਆਨ ਹੈ। ਅਤੇ ਇਹ ਜੀਵ ਵਿਗਿਆਨ, ਗਣਿਤ ਅਤੇ ਰਸਾਇਣ ਵਿਗਿਆਨ ਵਰਗਾ ਸ਼ੁਧ ਵਿਗਿਆਨ ਨਹੀਂ ਹੈ।
(iv) ਇਸ ਵਿੱਚ ਯਾਦਸ਼ਕਤੀ, ਸੋਚਣਸ਼ਕਤੀ, ਕਲਪਨਾ-ਸ਼ਕਤੀ, ਸਿੱਖਣਾ, ਬੁੱਧੀ ਅਤੇ ਹੋਰ ਚੇਤਨਾ ਸੰਬੰਧੀ ਅਨੁਭਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

### 1.1.5 ਸਿੱਖਿਆ ਦਾ ਅਰਥ (Meaning of Education)

ਸਿੱਖਿਆ ਇੱਕ ਸੁੰਤਤਰ ਅਧਿਐਨ ਦਾ ਖੇਤਰ ਹੈ ਜੋ ਕਿ ਵਿਕਾਸ ਦੀ ਪ੍ਰਕਿਰਿਆ ਦੇ ਨਾਲ ਸੰਬੰਧ ਰੱਖਦਾ ਹੈ। ਭਾਵ ਸਿੱਖਣ ਅਤੇ ਸਿਖਲਾਈ ਅਤੇ ਹਿਦਾਇਤ ਦੇਣ ਦੇ ਨਾਲ ਸੰਬੰਧਤ ਹੈ। ਇਹ ਕਿਸੇ ਬੱਚੇ ਦੇ ਸਰੀਰਿਕ, ਸਮਾਜਿਕ, ਮਾਨਸਿਕ ਅਤੇ ਭਾਵਨਾਤਮਕ ਵਿਕਾਸ -ਭਾਵ ਸਰਵਪੱਖੀ ਵਿਕਾਸ 'ਤੇ ਧਿਆਨ ਕੇਂਦਰਿਤ ਕਰਦਾ ਹੈ। ਜਿਸ ਤਰ੍ਹਾਂ ਇੱਕ ਮਾਲੀ ਕਿਸੇ ਵੀ ਬੀਜ ਨੂੰ ਪੁੰਗਰਣ ਅਤੇ ਪੂਰੀ ਤਰ੍ਹਾਂ ਸਿਹਤਮੰਦ ਪੌਦੇ ਦੇ ਵਿੱਚ ਵਿਕਸਤ ਹੋਣ ਦੇ ਲਈ ਲੋੜੀਂਦਾ ਵਧੀਆ ਤੋਂ ਵਧੀਆ ਮਾਹੌਲ ਪ੍ਰਦਾਨ ਕਰਦਾ ਹੈ, ਉਸੇ ਤਰ੍ਹਾਂ ਹੀ ਅਧਿਆਪਕ ਦਾ ਕੰਮ ਬੱਚੇ ਨੂੰ ਅਜਿਹਾ ਸਿੱਖਣ ਮਾਹੌਲ ਪ੍ਰਦਾਨ ਕਰਨਾ ਹੈ ਜਿਸ ਦੇ ਦੁਆਰਾ ਬੱਚੇ ਦੇ ਵਿੱਚੋਂ ਸਭ ਤੋਂ ਵਧੀਆ ਚੀਜ਼ਾਂ ਬਾਹਰ ਕੱਢੀਆਂ ਜਾ ਸਕਣ।

**ਸਿੱਖਿਆ** ਅੰਗ੍ਰੇਜ਼ੀ ਦੇ ਸ਼ਬਦ **ਐਜੂਕੇਸ਼ਨ** ਦਾ ਪੰਜਾਬੀ ਅਨੁਵਾਦ ਹੈ। ਇਹ ਲਾਤੀਨੀ ਭਾਸ਼ਾ ਦੇ ਸ਼ਬਦ **ਐਜੂਸੀਅਰ** ਤੋਂ ਨਿਕਲਿਆ ਹੈ। ਇਸ ਦੇ ਅਰਥ ਹਨ, 'ਟੂ ਲੀਡ ਆਊਟ', ਭਾਵ ਗੁਪਤ ਸ਼ਕਤੀਆਂ ਨੂੰ ਬਾਹਰ ਕੱਢਣਾ ਜਾਂ ਵਿਕਸਿਤ ਕਰਨਾ। ਇਕ ਹੋਰ ਲਾਤੀਨੀ ਸ਼ਬਦ **ਐਜੂਕੇਅਰ** ਨੂੰ ਵੀ ਐਜੂਕੇਸ਼ਨ ਦੀ ਉਤਪਤੀ ਦਾ ਸੋਮਾ ਸਮਝਿਆ ਜਾਂਦਾ ਹੈ -ਜਿਸ ਦਾ ਅਰਥ ਹੈ **ਪਾਲਣ ਪੋਸ਼ਣ ਕਰਨਾ,** ਭਾਵ ਸਿੱਖਿਆ ਪਾਲਣ ਪੋਸ਼ਣ ਕਰਨ ਵਾਲੀ ਕਿਰਿਆ ਹੈ। ਇਸੇ ਤਰ੍ਹਾਂ ਲਾਤੀਨੀ ਸ਼ਬਦ **ਐਜੂਕੇਟਮ** ਨੂੰ ਵੀ ਐਜੂਕੇਸ਼ਨ ਦੀ ਉਤਪਤੀ ਦਾ ਸੋਮਾ ਮੰਨਿਆ ਜਾ ਸਕਦਾ ਹੈ -ਜਿਸ ਦਾ ਅਰਥ ਹੈ ਅਧਿਆਪਨ ਜਾਂ ਸਿਖਲਾਈ ਦੀ ਕਿਰਿਆ। ਇਨ੍ਹਾਂ ਵਿੱਚੋਂ ਕਿਸੇ ਇੱਕ ਸ਼ਾਬਦਿਕ ਅਰਥ ਨੂੰ ਠੀਕ ਜਾਂ ਗਲਤ ਕਹਿਣਾ ਉਚਿਤ ਨਹੀਂ ਹੋਵੇਗਾ ਕਿਉਂਕਿ ਸਿੱਖਿਆ ਨੂੰ ਪਰਿਭਾਸ਼ਤ ਕਰਨ ਲਈ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਚਾਹੀਦਾ ਹੈ। ਇਸ ਲਈ ਇਹਨਾਂ ਸਾਰੇ ਅਰਥਾਂ ਨੂੰ ਸੰਯੁਕਤ ਰੂਪ ਬਣਾ ਕੇ ਦੇਖਣਾ ਹੀ ਠੀਕ ਹੋਵੇਗਾ।

### 1.1.5.1 ਸਿੱਖਿਆ ਦੀਆਂ ਪਰਿਭਾਸ਼ਾਵਾਂ (Definitions of Education)

ਸਿੱਖਿਆ ਸ਼ਬਦ ਦੇ ਅਰਥ ਬਹੁਤ ਹੀ ਵਿਸ਼ਾਲ ਹਨ। ਇਸੇ ਲਈ ਇਸ ਨੂੰ ਸੰਪੂਰਨ ਰੂਪ ਦੇ ਵਿੱਚ ਪਰਿਭਾਸ਼ਤ ਕਰਨਾ ਬਹੁਤ ਹੀ ਔਖਾ ਹੈ। ਕੁੱਝ ਸਿੱਖਿਆ ਸ਼ਾਸਤਰੀਆਂ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ:

1. **ਗੁਡਜ਼ ਦੇ ਸਿੱਖਿਆ ਸ਼ਬਦਕੋਸ਼ (1959) ਦੇ ਅਨੁਸਾਰ –** "ਸਿੱਖਿਆ ਉਨ੍ਹਾਂ ਸਭ ਪ੍ਰਕ੍ਰਿਆਵਾਂ ਦਾ ਸਮੂਹ ਹੈ ਜੋ ਕਿ ਇੱਕ ਵਿਅੱਕਤੀ ਵਿੱਚ ਯੋਗਤਾਵਾਂ, ਦ੍ਰਿਸ਼ਟੀਕੋਣ, ਅਤੇ ਉਸ ਵਿਅੱਕਤੀ ਦੇ ਸਮਾਜ ਦੇ (ਜਿਸ ਵਿੱਚ ਉਹ ਰਹਿੰਦਾ ਹੈ) ਸਕਾਰਾਤਮਕ ਮੁੱਲਾਂ ਵਾਲੇ ਵਿਹਾਰ ਦੇ ਹੋਰ ਰੂਪ ਵੀ ਉਸ ਵਿਅੱਕਤੀ ਵਿੱਚ ਵਿਕਸਿਤ ਕਰਦਾ ਹੈ।"
2. **ਡਿਊਈ ਦੇ ਅਨੁਸਾਰ,** "ਸਿੱਖਿਆ ਉਹ ਕ੍ਰਿਆ ਹੈ ਜਿਸ ਰਾਹੀਂ ਵਿਅੱਕਤੀ ਦੀਆਂ ਮੁੱਢਲੀਆਂ ਸ਼ਕਤੀਆਂ ਦੇ ਵੱਧਣ-ਫੁਲਣ ਦਾ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ ਕਿ ਉਹ ਸਿੱਖਿਆ ਪ੍ਰਾਪਤ ਕਰਨ ਪਿੱਛੋਂ ਆਲੇ-ਦੁਆਲੇ ਨਾਲ ਸਫਲਤਾ ਪੂਰਵਕ ਵਿਚਾਰ ਕਰ ਸਕੇ।"
3. **ਪੈਸਟਾਲੋਜੀ ਦੇ ਅਨੁਸਾਰ, "ਸਿੱਖਿਆ** ਮਨੁੱਖ ਦੀਆਂ ਅੰਦਰੂਨੀ ਸ਼ਕਤੀਆਂ ਦਾ ਕੁਦਰਤੀ ਇਕਸਾਰ ਅਤੇ ਲਗਾਤਾਰ ਪ੍ਰਫੁੱਲਣ ਹੈ।"
4. **ਰੂਸੋ ਦਾ ਸਿੱਖਿਆ ਬਾਰੇ ਵਿਚਾਰ ਹੈ ਕਿ**, "ਸਿੱਖਿਆ ਸਾਨੂੰ ਪ੍ਰਕ੍ਰਿਤੀ, ਮਨੁੱਖਾਂ ਅਤੇ ਵਸਤੂਆਂ ਤੋਂ ਮਿਲਦੀ ਹੈ। ਇਨ੍ਹਾਂ ਤਿੰਨਾਂ ਕਾਰਕਾਂ ਵਿੱਚ ਇੱਕ ਸਦੀਵੀ ਅੰਤਰਸ਼ਕ੍ਰਿਆ ਤੋਂ ਹੀ ਆਦਰਸ਼ ਸਿੱਖਿਆ ਹੋਂਦ ਵਿੱਚ ਆਉਂਦੀ ਹੈ।"
5. **ਟੀ.ਪੀ. ਨੱਨ ਦੇ ਅਨੁਸਾਰ,** "ਸਿੱਖਿਆ ਬੱਚੇ ਦੀ ਵਿਅੱਕਤੀਗਤਤਾ ਦਾ ਮੁਕੰਮਲ ਵਿਕਾਸ ਹੈ ਤਾਂ ਉਹ ਆਪਣੀ ਯੋਗਤਾ ਅਨੁਸਾਰ ਮਨੁੱਖੀ ਜ਼ਿੰਦਗੀ ਵਿੱਚ ਅਸਲੀ ਯੋਗਦਾਨ ਪਾ ਸਕੇ।"
6. **ਗਾਂਧੀ ਜੀ** ਨੇ ਸਿੱਖਿਆ ਦੇ ਸਰਬਅੰਗੀ ਹੋਣ ਉੱਪਰ ਜ਼ੋਰ ਦਿੱਤਾ। ਉਨ੍ਹਾਂ ਨੇ ਸਰੀਰ, ਮਨ ਅਤੇ ਆਤਮਾ ਦੇ ਸੰਤੁਲਿਤ ਵਿਕਾਸ ਨੂੰ ਸਿੱਖਿਆ ਕਿਹਾ ਹੈ। ਉਨ੍ਹਾਂ ਦੇ ਅਨੁਸਾਰ, "ਬੱਚੇ ਅਤੇ ਪ੍ਰੌੜ ਦੇ ਸਰੀਰ ਵਿੱਚ ਮਨ ਅਤੇ ਆਤਮਾ ਨਾਲ ਸੰਬੰਧਤ ਸਭ ਤੋਂ ਚੰਗੇ ਅਤੇ ਸਰੇਸ਼ਟ ਗੁਣਾਂ ਦਾ ਸਰਵ-ਪੱਖੀ ਵਿਕਾਸ ਹੀ ਸਿੱਖਿਆ ਹੈ।" ਅਸੀਂ ਇਹ ਕਹਿ ਸਕਦੇ ਹਾਂ ਕਿ ਸਿੱਖਿਆ ਵਿੱਅਕਤੀ ਦੀਆਂ ਸਾਰੀਆਂ ਕੁਦਰਤੀ ਸ਼ਕਤੀਆਂ ਨੂੰ ਪੂਰਨ ਰੂਪ ਵਿੱਚ ਵਿਕਸਿਤ ਕਰਨ ਦਾ ਯਤਨ ਹੈ ਤਾਂ ਜੋ ਵਿਅੱਕਤੀ ਆਪਣੇ ਵਾਤਾਵਰਣ ਨਾਲ ਸਫ਼ਲਤਾ ਪੂਰਵਕ ਤਾਲਮੇਲ ਪੈਦਾ ਕਰ ਸਕੇ ਅਤੇ ਸਮਾਜ ਲਈ ਲਾਭਦਾਇਕ ਸਿੱਧ ਹੋ ਸਕੇ। ਸਿੱਖਿਆ ਵਿਵਹਾਰ ਨੂੰ ਬਦਲਦੀ ਹੈ। ਇਹ ਬੱਚੇ ਦੇ ਵਿਵਹਾਰ ਵਿੱਚ ਅਜਿਹੀਆਂ ਤਬਦੀਲੀਆਂ ਲਿਆਉਂਦੀ ਹੈ ਜਿਹੜੀ ਉਸਦੀ ਸ਼ਖ਼ਸਿਅਤ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹੈ।

## 1.1.6 ਮਨੋਵਿਗਿਆਨ ਅਤੇ ਸਿੱਖਿਆ ਦਾ ਆਪਸੀ ਸੰਬੰਧ (Relationship Between Psychology and Education)

ਸਿੱਖਿਆ ਅਤੇ ਮਨੋਵਿਗਿਆਨ ਦੋਵੇਂ ਹੀ ਅਧਿਐਨ ਦੇ ਵੱਖ-ਵੱਖ ਖੇਤਰ ਹਨ, ਪਰ ਦੋਵਾਂ ਦਾ ਆਪਸ ਵਿੱਚ ਗਹਿਰਾ ਸੰਬੰਧ ਹੈ। ਸਿੱਖਿਆ ਦਾ ਆਧਾਰ ਮਨੋਵਿਗਿਆਨ ਹੈ। ਮਨੋਵਿਗਿਆਨ ਵਿਵਹਾਰ ਦਾ ਵਿਗਿਆਨ ਹੈ। ਵਿਵਹਾਰ, ਅਰਥਾਤ ਉਹ ਕ੍ਰਿਆਵਾਂ ਜਿਨ੍ਹਾਂ ਨੂੰ ਦੇਖਿਆ ਜਾਂ ਸਹੀ ਰੂਪ ਵਿੱਚ ਮਾਪਿਆ ਜਾ ਸਕਦਾ ਹੈ। ਸਿੱਖਿਆ ਦਾ ਖਾਸ ਮੰਤਵ ਵਿਵਹਾਰ ਵਿੱਚ

ਸੁਧਾਰ ਲਿਆਉਣਾ ਹੈ। ਵਿਵਹਾਰ ਦਾ ਅਧਿਐਨ ਕਰਕੇ ਹੀ ਉਸ ਨੂੰ ਸੋਧਿਆ ਜਾ ਸਕਦਾ ਹੈ। ਬੱਚੇ ਦੇ ਵਿਕਾਸ ਦੇ ਭਿੰਨ-ਭਿੰਨ ਪੜਾਵਾਂ, ਉਸ ਉੱਤੇ ਅਸਰ ਪਾਉਣ ਵਾਲੇ ਕਾਰਕਾਂ ਆਦਿ ਦਾ ਗਿਆਨ ਅਧਿਆਪਕ ਵਾਸਤੇ ਜ਼ਰੂਰੀ ਹੈ। ਇਸ ਕਰਕੇ ਹੀ ਕਿਸੇ ਨੇ ਸਫ਼ਲ ਅਧਿਆਪਕ ਬਣਨਾ ਹੋਵੇ ਤਾਂ ਉਸ ਨੂੰ ਵਿਦਿਆਰਥੀ ਵਿਵਹਾਰ ਦਾ ਗਿਆਨ ਹੋਣਾ ਜ਼ਰੂਰੀ ਹੈ। ਬੱਚੇ ਨੂੰ ਉਸ ਦੀਆਂ ਰੁਚੀਆਂ, ਸੰਭਾਵਨਾਵਾਂ ਅਤੇ ਸ਼ਖ਼ਸੀਅਤ ਦਾ ਗਹੁ ਨਾਲ ਅਧਿਐਨ ਕਰਕੇ ਸਿੱਖਿਆ ਦਿੱਤੀ ਜਾਂਦੀ ਹੈ। ਅੱਜ ਸਿੱਖਿਆ ਅਤੇ ਮਨੋਵਿਗਿਆਨ ਇੱਕ ਦੂਸਰੇ ਦੇ ਪੂਰਕ ਹਨ। ਮਨੋਵਿਗਿਆਨ ਦੀਆਂ ਖੋਜਾਂ ਦੀ ਸਿੱਖਿਆ ਦੇ ਕਈ ਪਹਿਲੂਆਂ ਉੱਤੇ ਗਹਿਰੀ ਛਾਪ ਹੈ।

**1. ਮਨੋਵਿਗਿਆਨ ਅਤੇ ਸਿੱਖਿਆ ਦੇ ਉਦੇਸ਼ (Psychology & Aims of Education)**

ਸਿੱਖਿਆ ਸੰਬੰਧੀ ਉਦੇਸ਼ ਨਿਰਧਾਰਿਤ ਅਤੇ ਪ੍ਰਾਪਤ ਕਰਨ ਲਈ ਮਨੋਵਿਗਿਆਨ ਅਧਿਆਪਕ ਦੀ ਸਹਾਇਤਾ ਕਰਦਾ ਹੈ। ਮਨੋਵਿਗਿਆਨ ਦੀ ਸਹਾਇਤਾ ਦੁਆਰਾ ਬੱਚੇ ਦੇ ਵਿਚਾਰਾਂ, ਰੁਚੀਆਂ, ਦਿਲਚਸਪੀਆਂ, ਜਜ਼ਬਿਆਂ, ਮਨੋਭਾਵਾਂ, ਆਦਤਾਂ, ਆਚਰਣ ਅਤੇ ਬੁੱਧੀ ਨੂੰ ਸਮਝਣ ਦੀ ਯੋਗਤਾ ਅਤੇ ਸੂਝ-ਬੂਝ ਰਾਹੀਂ ਅਧਿਆਪਕ ਸਿੱਖਿਆ ਦੇ ਉਦੇਸ਼ ਪ੍ਰਾਪਤ ਕਰਨ ਲਈ ਸਾਧਨਾਂ ਵਿੱਚ ਤਬਦੀਲੀ ਲਿਆ ਸਕਦਾ ਹੈ।

**2. ਮਨੋਵਿਗਿਆਨ ਅਤੇ ਪਾਠ-ਕ੍ਰਮ (Psychology & Curriculum)**

ਮਨੋਵਿਗਿਆਨ ਪਾਠ-ਕ੍ਰਮ ਵਿਚਲੀਆਂ ਸਰਗਰਮੀਆਂ ਜਿਵੇਂ ਖੇਡਾਂ, ਸੈਰ-ਸਪਾਟੇ, ਨੁਮਾਇਸ਼ਾਂ, ਅਜਾਇਬ ਘਰ, ਡਰਾਮੇ, ਮਨੋਰੰਜਨ ਪ੍ਰੋਗਰਾਮ, ਬਹਿਸ ਮੁਕਾਬਲੇ, ਸਮੂਹ ਵਿਚਾਰ ਵਟਾਂਦਰੇ, ਸਕੂਲ ਵਿੱਚ ਹੋਰ ਸਰੀਰਕ, ਮਾਨਸਿਕ, ਭਾਵਨਾਤਮਕ, ਭਾਈਚਾਰਾ ਅਤੇ ਸਭਿਆਚਾਰਕ ਸਰਗਰਮੀਆਂ ਆਦਿ ਉੱਤੇ ਜ਼ੋਰ ਦੇ ਕੇ ਨਵੇਂ ਦ੍ਰਿਸ਼ਟੀਕੋਣ ਬਖ਼ਸ਼ਦਾ ਹੈ।

**3. ਮਨੋਵਿਗਿਆਨ ਅਤੇ ਪਾਠ-ਪੁਸਤਕਾਂ (Psychology & Text Books)**

ਮਨੋਵਿਗਿਆਨ ਰਾਹੀਂ ਅਧਿਆਪਕਾਂ ਨੂੰ ਪਤਾ ਲਗਦਾ ਹੈ ਕਿ ਕਿਤਾਬਾਂ, ਸਿੱਖਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਹੋਣ। ਇਨ੍ਹਾਂ ਵਿੱਚ ਰੰਗੀਨ ਤੇ ਨਾਮਾਂਕਿਤ ਚਿੱਤਰ ਹੋਣੇ ਚਾਹੀਦੇ ਹਨ ਤਾਂ ਜੋ ਸਿੱਖਿਆਰਥੀਆਂ ਲਈ ਇਹ ਰੋਚਕ ਭਰਪੂਰ ਹੋ ਸਕਣ।

**4. ਮਨੋਵਿਗਿਆਨ ਅਤੇ ਪੜਾਉਣ ਦੇ ਤਰੀਕੇ (Psychology & Methods of Teaching)**

ਮਨੋਵਿਗਿਆਨ ਰਾਹੀਂ ਅਧਿਆਪਕਾਂ ਨੂੰ ਇਹ ਪਤਾ ਲੱਗਦਾ ਹੈ ਕਿ ਪੜ੍ਹਾਉਣ ਵੇਲੇ ਬੱਚਿਆਂ ਦੀਆਂ ਰੁਚੀਆਂ, ਸੰਭਾਵਨਾਵਾਂ ਅਤੇ ਰੁਝਾਨਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪੜ੍ਹਾਈ ਦਾ ਪ੍ਰਬੰਧ ਉਚਿਤ ਢੰਗ ਨਾਲ ਜੀਵਨ ਨਾਲ ਸੰਬੰਧ ਦੱਸ ਕੇ, ਸਿੱਖਣ ਅਤੇ ਕਰਨ ਦਾ ਅਨੁਸਰਨ ਕਰਕੇ, ਸਹਾਇਕ ਸਮੱਗਰੀ ਦੀ ਉਚਿਤ ਵਰਤੋਂ ਕਰਨੀ ਚਾਹੀਦੀ ਹੈ ਅਤੇ ਅਧਿਆਪਨ ਦੀਆਂ ਵੱਖ-ਵੱਖ ਵਿਧੀਆਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

**5. ਮਨੋਵਿਗਿਆਨ ਅਤੇ ਅਨੁਸ਼ਾਸਨ (Psychology and Discipline)**

ਮਨੋਵਿਗਿਆਨ ਦੇ ਅਨੁਸਾਰ ਅਨੁਸ਼ਾਸਨ, ਸਵੈ-ਅਨੁਸ਼ਾਸਨ, ਗਤੀਸ਼ੀਲ, ਧਨਾਤਮਿਕ ਅਤੇ ਉਸਾਰੂ ਹੋਣਾ ਚਾਹੀਦਾ ਹੈ। ਖ਼ੁਸ਼ੀ ਅਤੇ ਗ਼ਮੀ, ਇਨਾਮ ਅਤੇ ਸਜ਼ਾ ਦੀ ਵਰਤੋਂ ਨਿਆਂ-ਭਰਪੂਰ ਹੋਣੀ ਚਾਹੀਦੀ ਹੈ।

**6. ਮਨੋਵਿਗਿਆਨ ਅਤੇ ਮੁਲਾਂਕਣ (Psychology and Evaluation)**

ਮਨੋਵਿਗਿਆਨ, ਸਿੱਖਿਆ ਦੇ ਉਦੇਸ਼ਾਂ ਨੂੰ ਸਹੀ ਅਰਥ ਦੇ ਕੇ ਪ੍ਰੀਖਿਆਵਾਂ ਵਿੱਚ ਸੁਧਾਰ ਲਈ ਸੁਝਾਅ ਦਿੰਦਾ ਹੈ। ਮਨੋਵਿਗਿਆਨ ਹੀ ਸਾਨੂੰ ਇਹ ਦਸਦਾ ਹੈ ਕਿ ਅਸੀਂ ਬੱਚੇ ਦੀ ਕਿਹੜੀ-ਕਿਹੜੀ ਸ਼ਕਤੀ ਦਾ ਕਿੰਨਾ ਵਿਕਾਸ ਕਰਨਾ ਚਾਹੁੰਦੇ ਹਾਂ ਅਤੇ ਇਸ ਵਿਕਾਸ ਨੂੰ ਕਿਵੇਂ ਮਾਪਿਆ ਜਾ ਸਕਦਾ ਹੈ।

**7. ਮਨੋਵਿਗਿਆਨ ਅਤੇ ਸਮਾਂ ਸਾਰਣੀ (Psychology and Time-Table)**

ਸਮਾਂ-ਸਾਰਣੀ ਬਣਾਉਣ ਵੇਲੇ ਮਨੋਵਿਗਿਆਨ ਦੇ ਸਿਧਾਂਤਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਸਮਾਂ ਸਾਰਣੀ ਵਿੱਚ ਕੋਈ ਵੀ ਦੋ ਔਖੇ ਵਿਸ਼ੇ ਲਗਾਤਾਰ ਪੀਰੀਅਡ ਵਿੱਚ ਨਹੀਂ ਹੋਣੇ ਚਾਹੀਦੇ। ਸਮਾਂ ਸਾਰਣੀ ਵਿੱਚ ਵੱਖ-ਵੱਖ ਵਿਸ਼ਾ, ਉਹਨਾਂ ਵਿਸ਼ਿਆਂ ਦੀ ਮਹੱਤਤਾ, ਔਕੜ ਅਤੇ ਥਕਾਵਟ ਨੂੰ ਧਿਆਨ ਵਿੱਚ ਰੱਖ ਕੇ ਸਮਾਂ-ਸਾਰਣੀ ਬਣਾਈ ਜਾਂਦੀ ਹੈ।

**8. ਮਨੋਵਿਗਿਆਨ ਅਤੇ ਸਕੂਲ ਪ੍ਰਸ਼ਾਸਨ (Psychology and School Administration)**

ਮਨੋਵਿਗਿਆਨ ਰਾਹੀਂ ਸਕੂਲ ਪ੍ਰਸ਼ਾਸਨ ਵੀ ਨਿਰੰਕੁਸ਼ ਨਾ ਹੋ ਕੇ ਸਹਿਯੋਗੀ ਅਤੇ ਸਹਾਨੁਭੂਤੀਪੂਰਣ ਢੰਗ ਨਾਲ ਕੰਮ ਕਰਦੇ ਹਨ ਅਤੇ ਆਪਸੀ ਪ੍ਰਾਮਰਸ਼ ਨਾਲ ਪ੍ਰਸ਼ਾਸਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਂਦੇ ਹਨ।

**9. ਮਨੋਵਿਗਿਆਨ ਅਤੇ ਖੋਜ (Psychology and Research)**

ਜਮਾਤ ਵਿੱਚ ਕੀਤੀਆਂ ਖੋਜਾਂ ਦੇ ਆਧਾਰ ਤੇ ਅਸੀਂ ਬੱਚੇ ਦੇ ਵਤੀਰੇ ਨੂੰ ਸਮਝ ਕੇ ਨਿਯੰਤਰਣ ਕਰਕੇ ਭਵਿੱਖਵਾਣੀ ਕਰ ਸਕਦੇ ਹਾਂ।

**10. ਮਨੋਵਿਗਿਆਨ ਅਤੇ ਅਧਿਆਪਕ (Psychology and Teachers)**

ਬੱਚੇ ਦੀ ਪ੍ਰਕ੍ਰਿਤੀ ਅਤੇ ਫਿਤਰਤ ਬਾਰੇ ਮਨੋਵਿਗਿਆਨ ਨੇ ਵਿਭਿੰਨ ਤੱਥ ਦਿੱਤੇ ਹਨ। ਸਿੱਖਿਆ ਰਾਹੀਂ ਵਿਵਹਾਰ ਵਿੱਚ ਅਦਲਾ-ਬਦਲੀ ਲਿਆਉਣ ਵਾਲੇ ਹਰ ਅਧਿਆਪਕ ਨੂੰ ਬੱਚੇ ਦੇ ਸੁਭਾਅ ਬਾਰੇ ਪਤਾ ਲੱਗ ਜਾਂਦਾ ਹੈ। ਅਧਿਆਪਕ ਮਨੋਵਿਗਿਆਨ ਰਾਹੀਂ ਅੱਗੇ ਲਿੱਖੀਆਂ ਸਚਾਈਆਂ ਤੋਂ ਜਾਣੂ ਹੋ ਸਕਦਾ ਹੈ।

1. ਬੱਚੇ ਨੂੰ ਛੋਟਾ ਸਮਝ ਕੇ ਵੱਡਿਆਂ ਵੱਲੋਂ ਮਨ ਮਰਜ਼ੀ ਦੀ ਸਮੱਗਰੀ ਉਸ ਦੇ ਅੰਦਰ ਨਹੀਂ ਸੁੱਟਣੀ ਚਾਹੀਦੀ। ਉਸ ਸਭ ਕੁੱਝ ਸਿੱਖ ਸਕਦਾ ਹੈ ਪਰੰਤੂ ਉਸਨੂੰ ਸਿਖਾਇਆ ਕੁੱਝ ਵੀ ਨਹੀਂ ਜਾ ਸਕਦਾ। ਭਾਵ ਬੱਚੇ ਨੂੰ ਕੁੱਝ ਵੀ ਸਿਖਾਉਣ ਤੋਂ ਪਹਿਲਾਂ ਮਾਨਸਿਕ ਰੂਪ ਵਿੱਚ ਤਿਆਰ ਕਰਨਾ ਜ਼ਰੂਰੀ ਹੈ।
2. ਸਿੱਖਿਆ ਦਾ ਕੰਮ, ਬੱਚੇ ਦੀਆਂ ਮਾਨਸਿਕ ਲੋੜਾਂ ਦੀ ਪੂਰਤੀ ਰਾਹੀਂ ਰੋਚਕ ਬਣਾਇਆ ਜਾ ਸਕਦਾ ਹੈ।
3. ਬੱਚਿਆਂ ਵਿੱਚ ਵਿਅੱਕਤੀਗਤ ਵਖਰੇਵੇਂ ਹੁੰਦੇ ਹਨ। ਜੇਕਰ ਸਿੱਖਿਆ ਦੇਣ ਸਮੇਂ ਇਨ੍ਹਾਂ ਵਖਰੇਵਿਆਂ ਨੂੰ ਧਿਆਨ ਵਿੱਚ ਨਾ ਰੱਖਿਆ ਜਾਵੇ, ਤਾਂ ਬੱਚਿਆਂ ਦਾ ਸੰਪੂਰਨ ਵਿਕਾਸ ਨਹੀਂ ਹੋ ਸਕਦਾ।
4. ਸਰੀਰਕ, ਮਾਨਸਿਕ, ਸੰਵੇਦਿਕ ਅਤੇ ਆਤਮਿਕ ਵਿਕਾਸ ਦੇ ਟੀਚੇ ਸਿੱਖਣ ਨਾਲ ਆਪਣੇ ਆਪ ਪੂਰੇ ਨਹੀਂ ਹੋ ਸਕਦੇ। ਮਨੋਵਿਗਿਆਨਕ ਖੋਜਾਂ ਇਹ ਦਸਦੀਆਂ ਹਨ ਕਿ ਇਹ ਵਿਕਾਸ ਅਭਿਆਸ ਰਾਹੀਂ ਹੁੰਦਾ ਹੈ ਅਤੇ ਜ਼ਿੰਦਗੀ ਦੀ ਖੇਡ ਵਿੱਚ ਅਪਣਾਇਆ ਜਾਂਦਾ ਹੈ।
5. ਬਹੁਤ ਸਾਰੇ ਗੁਣਾਂ ਅਤੇ ਵਿਕਾਸ ਦੀਆਂ ਵਿਸ਼ੇਸ਼ਤਾਵਾਂ ਬੱਚਾ ਜਮਾਤ ਦੇ ਮਨੋਵਿਗਿਆਨਕ ਮਾਹੌਲ ਵਿੱਚੋਂ ਅਪਣਾ ਲੈਂਦਾ ਹੈ। ਅਧਿਆਪਕ ਬੱਚੇ ਦਾ ਆਗੂ, ਮਿੱਤਰ ਅਤੇ ਦਾਰਸ਼ਨਿਕ ਹੁੰਦਾ ਹੈ। ਬੱਚੇ ਉਹਦੀ ਨਕਲ ਕਰਦੇ ਹਨ। ਇਸ ਲਈ ਅਧਿਆਪਕ ਜੋ ਇੱਕ ਸਫ਼ਲ ਵਾਤਾਵਰਣ ਪੈਦਾ ਕਰਦਾ ਹੈ ਤਾਂ ਬੱਚੇ ਆਪਣੇ ਆਪ ਹੀ ਸਿੱਖ ਜਾਂਦੇ ਹਨ।
6. ਬੱਚੇ ਨੂੰ ਖੇਡ ਇਤਨੀ ਪਿਆਰੀ ਹੁੰਦੀ ਹੈ ਕਿ ਉਹ ਵੱਡੀਆਂ-ਵੱਡੀਆਂ ਜੀਵਨ ਸਿੱਖਿਆਵਾਂ ਵੀ ਖੇਡ ਰਾਹੀਂ ਸਹਿਜੇ ਹੀ ਗ੍ਰਹਿਣ ਕਰ ਲੈਂਦਾ ਹੈ। ਜਿਸ ਕੰਮ ਵਿੱਚ ਬੱਚੇ ਪ੍ਰਕਿਰਤਕ ਤੌਰ ਤੇ ਰੁਚਿਤ ਹੁੰਦੇ ਹਨ ਉਸ ਕੰਮ ਰਾਹੀਂ ਉਨ੍ਹਾਂ ਦੇ ਵਿਵਹਾਰ ਨੂੰ ਸਾਰਥਕ, ਭਾਵ-ਪੂਰਤ ਅਤੇ ਲੋੜੀਂਦੀਆਂ ਸੋਧਾਂ ਦਿੱਤੀਆਂ ਜਾ ਸਕਦੀਆਂ ਹਨ।

### 1.1.7 ਸਾਰਾਂਸ਼ (Summary)

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮਨੋਵਿਗਿਆਨ ਦਾ ਅਧਿਐਨ ਬੱਚੇ ਦੀ ਪ੍ਰਕਿਰਤੀ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ। ਮਨੋਵਿਗਿਆਨ ਰਾਹੀਂ ਮਨੁੱਖੀ ਵਿਵਹਾਰ ਦਾ ਅਧਿਐਨ ਕੀਤਾ ਜਾਂਦਾ ਹੈ ਪਰੰਤੂ ਸਿੱਖਿਆ ਦਾ ਮਨੋਰਥ ਉਸ ਵਿਵਹਾਰ ਵਿੱਚ ਲੋੜੀਂਦੀਆਂ ਤਬਦੀਲੀਆਂ ਲਿਆਉਣਾ ਹੁੰਦਾ ਹੈ। ਸਿੱਖਿਆ ਸਮਾਜ ਦਾ ਇੱਕ ਸੂਝ ਭਰਿਆ ਯਤਨ ਹੁੰਦਾ ਹੈ ਜਿਸ ਰਾਹੀਂ ਬੱਚਿਆਂ ਦੀਆਂ ਪਸ਼ੂ ਜ਼ਿੰਦਗੀ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਮਨੁੱਖੀ ਜ਼ਿੰਦਗੀ ਦੀਆਂ ਅਸਲਿਅਤਾਂ ਵਿੱਚ ਬਦਲ ਦਿੱਤਾ ਜਾਂਦਾ ਹੈ। ਜੇ ਸਿੱਖਿਆ ਨਾ ਦਿੱਤੀ ਜਾਵੇ ਤਾਂ ਮਨੁੱਖ ਇੱਕ ਚੰਗਾ ਰਿਸ਼ਟ-ਪੁਸ਼ਟ ਪਸ਼ੂ ਤਾਂ ਬਣ ਜਾਂਦਾ ਹੈ ਪਰੰਤੂ ਸਮਾਜਿਕ ਜ਼ਿੰਦਗੀ ਦਾ ਇੱਕ ਸਫ਼ਲ ਮੈਂਬਰ ਨਹੀਂ ਬਣ ਸਕਦਾ। ਸਿੱਖਿਆ ਦਾ ਮਨੋਰਥ ਬੱਚੇ ਦਾ ਸਮਾਜੀਕਰਨ ਕਰਨਾ ਹੁੰਦਾ ਹੈ। ਕੁਦਰਤੀ ਰੁਚੀਆਂ ਦੀ ਸੋਧ ਕਰਨੀ ਹੀ ਸਿੱਖਿਆ ਹੈ।

ਸਿੱਖਿਆ ਦਾ ਉਦੇਸ਼ ਬੱਚੇ ਦੀਆਂ ਆਦਤਾਂ ਵਿੱਚ ਸੋਧ ਕਰਨੀ ਹੈ ਅਤੇ ਮਨੋਵਿਗਿਆਨ ਰਾਹੀਂ ਮਨੁੱਖੀ ਵਿਵਹਾਰ ਦਾ ਵਿਗਿਆਨਕ ਅਧਿਐਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਨ੍ਹਾਂ ਦੋਹਾਂ ਦਾ ਆਪਸੀ ਸੰਬੰਧ ਅਟੁੱਟ ਹੈ। ਮਨੁੱਖ ਦੇ ਪ੍ਰਕਿਰਤਕ

ਸੁਭਾਅ ਦੇ ਲੱਛਣਾਂ ਬਾਬਤ, ਉਸ ਦੇ ਪ੍ਰਕ੍ਰਿਤਕ ਸੁਭਾ ਦੇ ਬਦਲ ਜਾਣ ਦੀਆਂ ਸੰਭਾਵਨਾਵਾਂ ਬਾਰੇ ਵਿਵਹਾਰ ਨੂੰ ਸੋਧਣ ਦੀਆਂ ਵਿਧੀਆਂ ਅਤੇ ਢੰਗਾਂ ਦੇ ਸੰਬੰਧ ਵਿੱਚ ਮਨੋਵਿਗਿਆਨ ਦੇ ਅਧਿਐਨ ਤੋਂ ਪਤਾ ਲਗਦਾ ਹੈ। ਮਨੋਵਿਗਿਆਨ ਰਾਹੀਂ ਇਹ ਪਤਾ ਲੱਗ ਸਕਦਾ ਹੈ ਕਿ ਬੱਚੇ ਦਾ ਵਿਵਹਾਰ ਕਿਵੇਂ ਅਤੇ ਕਿੱਥੋਂ ਤੱਕ ਬਦਲਿਆ ਜਾ ਸਕਦਾ ਹੈ। ਮਨੋਵਿਗਿਆਨ ਦੱਸਦਾ ਹੈ ਕਿ ਬੁਰਾ ਵਿਵਹਾਰ ਮਾਹੌਲ, ਸਿੱਖਿਆ ਅਤੇ ਸਿਖਲਾਈ ਰਾਹੀਂ ਆਉਂਦਾ ਹੈ ਜਿਵੇਂ ਹੀ ਸੁਖਾਵੇਂ ਮਾਹੌਲ ਵਿੱਚ ਸਿੱਖਿਆ ਅਤੇ ਅਭਿਆਸ ਨਾਲ ਆ ਜਾਂਦਾ ਹੈ। ਮਨੋਵਿਗਿਆਨ ਦੇ ਪ੍ਰਭਾਵ ਨਾਲ ਅਧਿਆਪਕ ਬੱਚੇ ਨੂੰ ਇੱਕ ਜਿਉਂਦਾ ਜੀਵ ਸਮਝਣ ਲੱਗ ਪੈਂਦਾ ਹੈ। ਉਹਦੀਆਂ ਲੋੜਾਂ, ਕਮੀਆਂ, ਗੁਣਾਂ, ਔਗੁਣਾਂ ਦਾ ਸਾਰਥਕ ਸਤਿਕਾਰ ਕਰਦੇ ਹੋਏ, ਉਸਦੇ ਸਰਵ-ਪੱਖੀ ਵਿਕਾਸ ਵੱਲ ਯਤਨਸ਼ੀਲ ਹੁੰਦਾ ਹੈ।

### 1.1.8 ਸ਼ਬਦਾਵਲੀ (Glossary)

1. ਅਨੁਸ਼ਾਸਨ – ਆਚਰਣ, ਨਿਯਮਾਵਲੀ, ਆਗਿਆ ਪਾਲਣ ਜਾਂ ਨਿਯੰਤਰਣ ਵਿੱਚ ਹੋਣ ਦੀ ਸਥਿਤੀ
2. ਮੁਲਾਂਕਣ – ਮੁੱਲ ਨਿਰਧਾਰਣ ਕਰਨਾ ਜਾਂ ਮਾਪਣਾ ਅਤੇ ਮੁੱਲ ਪਾਉਣਾ
3. ਵਸਤੂਨਿਸ਼ਠ – ਨਿਰਪੱਖ, ਵਾਸਤਵਿਕ
4. ਖੋਜ – ਸੋਧ ਕਰਨਾ, ਨਵੇਂ ਤੱਥ ਖੋਜਣਾ

### 1.1.9 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ (Suggested Books and web sources)

1. **ਇੰਦਰਜੀਤ ਕੌਰ ਸੰਧੂ ਅਤੇ ਅੰਮ੍ਰਿਤ ਕੌਰ :** ਸਿੱਖਿਆ ਮਨੋਵਿਗਿਆਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ (1976)
2. **ਡਾ. ਆਗਿਆਜੀਤ ਸਿੰਘ :** ਸਿੱਖਿਆ ਮਨੋਵਿਗਿਆਨ
3. **ਜੇ. ਐਸ. ਵਾਲੀਆ :** ਸਿੱਖਿਆ ਮਨੋਵਿਗਿਆਨ ਦੀਆਂ ਬੁਨਿਆਦਾਂ
4. **ਐਸ.ਐਸ. ਚੌਹਾਨ :** ਐਡਵਾਂਸਡ ਐਜੂਕੇਸ਼ਨਲ ਸਾਈਕਾਲੋਜੀ (ਅੰਗ੍ਰੇਜ਼ੀ ਵਿੱਚ)
5. **ਡਾ. ਮਨੀਸ਼ ਕੁਮਾਰ ਡਾ. ਮਨਜੀਤ ਕੌਰ :** ਸਿੱਖਿਆ ਮਨੋਵਿਗਿਆਨ

**Web Sources**

1 en.wikipedia.org

2. books.google.co.in

3. www.wiziq.com.

### 1.1.10 ਸਵੈ ਮੁਲਾਂਕਣ ਅਭਿਆਸ (Self-Check exercise)

ਖਾਲੀ ਥਾਵਾਂ ਭਰੋ:

1. ਮਨੋਵਿਗਿਆਨ ਅੰਗ੍ਰੇਜ਼ੀ ਸ਼ਬਦ ........................... ਦਾ ਅਨੁਵਾਦ ਹੈ।
2. ਸਾਈਕਾਲੋਜੀ ਦੋ ........................... ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ।
3. ਸਾਈਕੀ ਦਾ ਅਰਥ ਹੈ ................... ਅਤੇ ਲੋਗਸ ਦਾ ਅਰਥ ਹੈ ................... ।
4. ਮਨੋਵਿਗਿਆਨ ........................... ਦਾ ਵਿਗਿਆਨ ਹੈ।
5. ਸਿੱਖਿਆ ਦਾ ਖਾਸ ਮੰਤਵ ਵਿਵਹਾਰ ਵਿੱਚ ........................... ਲਿਆਉਣਾ ਹੈ।
6. ਸਿੱਖਿਆ ਅਤੇ ਮਨੋਵਿਗਿਆਨ ਇੱਕ ਦੂਸਰੇ ਦੇ ........................... ਹਨ।
7. ਸਿੱਖਿਆ ਦਾ ਮੂਲ ਉਦੇਸ਼ ਵਿਅੱਕਤੀ ਦਾ ........................... ਵਿਕਾਸ ਕਰਨਾ ਹੈ।

**ਉੱਤਰ:** (1) ਸਾਈਕਾਲੋਜੀ (2) ਯੂਨਾਨੀ (3) ਆਤਮਾ, ਅਧਿਐਨ
(4) ਵਿਵਹਾਰ (5) ਤਬਦੀਲੀ (6) ਪੂਰਕ (7) ਸਰਵਪੱਖੀ

**ਪਾਠ ਨੰ.: 1.2** **ਲੇਖਿਕਾ: ਸ਼੍ਰੀਮਤੀ ਅਮਿਤਾ ਕਾਯਸਥਾ**

## ਸਿੱਖਿਆ ਮਨੋਵਿਗਿਆਨ ਦਾ ਸਰੂਪ ਅਤੇ ਵਿਸ਼ਾ ਖੇਤਰ

**ਬਣਤਰ**

**1.2.1 ਉਦੇਸ਼**
**1.2.2 ਭੂਮਿਕਾ**
**1.2.3 ਸਿੱਖਿਆ ਮਨੋਵਿਗਿਆਨ ਦਾ ਅਰਥ**
**1.2.3.1 ਸਿੱਖਿਆ ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ**
**1.2.4 ਸਿੱਖਿਆ ਮਨੋਵਿਗਿਆਨ ਦਾ ਸਰੂਪ**
**1.2.5 ਸਿੱਖਿਆ ਮਨੋਵਿਗਿਆਨ ਦਾ ਵਿਸ਼ਾ ਖੇਤਰ**
**1.2.6 ਸਿੱਖਿਆ ਮਨੋਵਿਗਿਆਨ ਦੀਆਂ ਸੀਮਾਵਾਂ ਜਾਂ ਤਰੁੱਟੀਆਂ**
**1.2.7 ਸਾਰਾਂਸ਼**
**1.2.8 ਸ਼ਬਦਾਵਲੀ**
**1.2.9 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ**
**1.2.10 ਸਵੈ ਮੁਲਾਂਕਣ ਅਭਿਆਸ**

### 1.2.1 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਹੇਠ ਲਿਖੇ ਤੱਥਾਂ ਤੋਂ ਜਾਣੂ ਹੋਵੇਗਾ:

1. ਸਿੱਖਿਆ ਮਨੋਵਿਗਿਆਨ ਦਾ ਅਰਥ ਦੱਸ ਸਕੇਗਾ।
2. ਸਿੱਖਿਆ ਮਨੋਵਿਗਿਆਨ ਦੀ ਪਰਿਭਾਸ਼ਾ ਦਸ ਸਕੇਗਾ।
3. ਸਿੱਖਿਆ ਮਨੋਵਿਗਿਆਨ ਦੇ ਸਰੂਪ ਦੀ ਵਿਆਖਿਆ ਕਰ ਸਕੇਗਾ।
4. ਸਿੱਖਿਆ ਮਨੋਵਿਗਿਆਨ ਦੇ ਵਿਸ਼ਾ ਖੇਤਰ ਬਾਰੇ ਚਰਚਾ ਕਰ ਸਕੇਗਾ।
5. ਸਿੱਖਿਆ ਮਨੋਵਿਗਿਆਨ ਦੀਆਂ ਤਰੁਟੀਆਂ ਦਾ ਵਿਸ਼ਲੇਸ਼ਣ ਕਰ ਸਕੇਗਾ।

### 1.2.2 ਭੂਮਿਕਾ (Introduction)

ਸਿੱਖਿਆ ਮਨੋਵਿਗਿਆਨ ਨੇ ਸਿੱਖਿਆ ਦੇ ਖੇਤਰ ਵਿੱਚ ਅਧਿਆਪਕ ਦੀ ਹਮੇਸ਼ਾ ਅਗਵਾਈ ਕੀਤੀ ਹੈ। ਸਿੱਖਿਆ ਮਨੋਵਿਗਿਆਨ ਦੀ ਮਹੱਤਤਾ ਨੂੰ ਸਾਰੇ ਸੰਸਾਰ ਵਿੱਚ ਵੀ ਮੰਨਿਆ ਗਿਆ ਹੈ। ਇਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਸਿੱਖਿਆ ਮਨੋਵਿਗਿਆਨ ਸਾਰੇ ਸੰਸਾਰ ਵਿੱਚ ਹੀ ਅਧਿਆਪਕ ਸਿਖਲਾਈ ਕੋਰਸਾਂ ਦਾ ਇੱਕ ਮੁੱਖ ਹਿੱਸਾ ਹੈ। ਇਸ ਦੀ ਜਾਣਕਾਰੀ ਨਾਲ ਹੀ ਵਿਦਿਆਰਥੀ ਨੂੰ ਪੂਰਨ ਰੂਪ ਵਿੱਚ ਸਿੱਖਿਅਕ ਕੀਤਾ ਜਾਂਦਾ ਹੈ। ਇਸ ਪਾਠ ਵਿੱਚ ਅਸੀਂ ਸਿੱਖਿਆ ਮਨੋਵਿਗਿਆਨ ਦੇ ਅਰਥ, ਪਰਿਭਾਸ਼ਾ ਅਤੇ ਪ੍ਰਕਿਰਤੀ (ਸਰੂਪ) ਨੂੰ ਜਾਣਨ ਦਾ ਯਤਨ ਕਰਾਂਗੇ।

### 1.2.3 ਸਿੱਖਿਆ ਮਨੋਵਿਗਿਆਨ ਦਾ ਅਰਥ (Meaning of Educational Psychology)

ਸਿੱਖਿਆ ਮਨੋਵਿਗਿਆਨ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਇੱਕ ਸ਼ਬਦ ਹੈ ਸਿੱਖਿਆ ਅਤੇ ਦੂਸਰਾ ਹੈ ਮਨੋਵਿਗਿਆਨ। ਇਸ ਸੁਮੇਲ ਨੂੰ ਸਮਝਣ ਵਾਸਤੇ ਸਾਨੂੰ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਜਾਣਨਾ ਜ਼ਰੂਰੀ ਹੈ।

ਸਿੱਖਿਆ ਉਹ ਅਮਲ ਹੈ ਜਿਸ ਦੇ ਦੁਆਰਾ ਵਿਅੱਕਤੀ ਦੇ ਅੰਦਰ ਲੁਕੀਆਂ ਹੋਈਆਂ ਖ਼ੂਬੀਆਂ, ਗੁਣਾਂ, ਯੋਗਤਾਵਾਂ ਜਾਂ ਪ੍ਰਤਿਭਾਵਾਂ ਨੂੰ ਉਭਾਰਿਆ ਜਾਂਦਾ ਹੈ। ਇਸ ਪ੍ਰਕਾਰ ਸਰੀਰ ਦਾ ਸੰਤੁਲਿਤ ਵਿਕਾਸ ਹੋਣਾ ਕਿਸੇ ਪ੍ਰਕਾਰ

ਦਾ ਗਿਆਨ ਪ੍ਰਾਪਤ ਕਰਨਾ, ਕਿੱਤੇ ਵਾਸਤੇ ਤਿਆਰ ਹੋਣਾ, ਚੰਗਾ ਵਿਅੱਕਤਿਤਵ ਬਣਾਉਣਾ ਆਦਿ ਸਿੱਖਿਆ ਹੈ। ਸਿੱਖਿਆ ਵਿੱਚ ਉਹ ਸਾਰੇ ਅਨੁਭਵ ਸ਼ਾਮਲ ਹਨ ਜੋ ਆਦਮੀ ਆਪਣੀ ਜ਼ਿੰਦਗੀ ਵਿੱਚ ਕਿਸੇ ਵਿਅੱਕਤੀ ਤੋਂ, ਥਾਂ ਤੋਂ, ਨਿਰਜੀਵ ਜਾਂ ਸਜੀਵ ਵਸਤੂ ਤੋਂ, ਪ੍ਰਾਪਤ ਕਰਦਾ ਹੈ। ਹਰ ਨਵਾਂ ਅਨੁਭਵ ਉਸ ਨੂੰ ਜ਼ਿਆਦਾ ਜਾਣਕਾਰ ਅਤੇ ਪਰਿਪੱਕ ਬਣਾ ਦਿੰਦਾ ਹੈ। ਸਿੱਖਿਆ ਦਾ ਮੂਲ ਉਦੇਸ਼ ਵਿਅੱਕਤੀ ਦਾ ਸਰਵਪੱਖੀ ਵਿਕਾਸ ਕਰਨਾ ਹੈ।

ਮਨੋਵਿਗਿਆਨ -ਵਿਵਹਾਰ ਦਾ ਵਿਗਿਆਨ ਹੈ। ਹੋਰ ਕਈ ਪ੍ਰਾਕ੍ਰਿਤਕ ਵਿਗਿਆਨਾਂ (Natural Sciences) ਦੀ ਤਰ੍ਹਾਂ ਮਨੋਵਿਗਿਆਨ ਦੇ ਵੀ ਦੋ ਪੱਖ ਹਨ -ਸਿਧਾਂਤਕ ਅਤੇ ਵਿਵਹਾਰਿਕ। ਆਪਣੇ ਸਿਧਾਂਤ ਪੱਖ ਤੋਂ ਇਹ ਮਨੁੱਖੀ ਵਿਵਹਾਰ ਦੇ ਅਧਿਐਨ ਲਈ ਨਿਯਮਾਂ ਦੀ ਵਿਆਖਿਆ ਕਰਦਾ ਹੈ। ਸਿਧਾਂਤਾਂ ਦਾ ਨਿਰਮਾਣ ਕਰਦਾ ਹੈ, ਉਚਿਤ ਤਰੀਕਿਆਂ ਅਤੇ ਤਕਨੀਕੀ ਸੁਝਾਵਾਂ ਨੂੰ ਜਨਮ ਦਿੰਦਾ ਹੈ। ਇਹ ਸਾਰੇ ਨਿਯਮ, ਸਿਧਾਂਤ, ਵਿਧੀਆਂ ਅਤੇ ਤਰੀਕੇ ਇਸ ਦੇ ਸਿਧਾਂਤਕ ਪੱਖ ਤੋਂ ਵਿਵਹਾਰਿਕ ਰੂਪ ਵਿੱਚ ਕੰਮ ਵਿੱਚ ਲਿਆਏ ਜਾਂਦੇ ਹਨ। ਉਦਿਯੋਗਿਕ ਮਨੋਵਿਗਿਆਨ, ਅਪਰਾਧ ਮਨੋਵਿਗਿਆਨ, ਚਿਕਿਤਸਕ ਮਨੋਵਿਗਿਆਨ, ਅਤੇ ਸਿੱਖਿਆ ਮਨੋਵਿਗਿਆਨ ਇਸ ਦੇ ਹੀ ਵਿਵਹਾਰਿਕ ਪੱਖ ਨੂੰ ਦਰਸਾਉਂਦੇ ਹਨ।

ਇਸ ਤਰ੍ਹਾਂ ਸਿੱਖਿਆ ਮਨੋਵਿਗਿਆਨ ਆਪਣੇ ਆਪ ਵਿੱਚ ਵਿਵਹਾਰਿਕ ਮਨੋਵਿਗਿਆਨ ਦੀ ਇੱਕ ਸ਼ਾਖਾ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਨੂੰ ਸਿੱਖਿਆ ਦੇ ਖੇਤਰ ਵਿੱਚ ਮਨੋਵਿਗਿਆਨ ਨੂੰ ਵਰਤੋਂ ਵਿੱਚ ਲਿਆਏ ਜਾਣ ਦਾ ਇੱਕ ਉੱਦਮ ਕਿਹਾ ਜਾ ਸਕਦਾ ਹੈ। ਸਿੱਖਿਆ ਸਬੰਧੀ ਪਰਸਥਿਤੀਆਂ ਵਿੱਚ ਮਨੁੱਖੀ ਵਿਵਹਾਰ ਦਾ ਅਧਿਐਨ ਕਰਨਾ ਇਸ ਦਾ ਉਦੇਸ਼ ਹੈ ਜਿਸ ਦੇ ਲਈ ਇਹ ਮਨੋਵਿਗਿਆਨ ਦੇ ਨਿਯਮਾਂ, ਸਿਧਾਂਤਾਂ ਅਤੇ ਵਿਧੀਆਂ ਨੂੰ ਵਰਤੋਂ ਵਿੱਚ ਲਿਆਉਂਦਾ ਹੈ। ਇਸ ਤਰਾਂ ਸਿੱਖਿਆ ਮਨੋਵਿਗਿਆਨ ਸਿੱਖਿਆ ਸੰਬੰਧੀ ਪਿਛੋਕੜ ਵਿੱਚ ਵਿਦਿਆਰਥੀਆਂ ਦੇ ਅਨੁਭਵਾਂ ਅਤੇ ਵਿਵਹਾਰ ਦਾ ਅਧਿਐਨ ਕਰਨ ਦੇ ਨਾਲ ਇੱਕ ਸਾਧਨ ਦੇ ਰੂਪ ਵਿੱਚ ਮੰਨਿਆ ਗਿਆ ਹੈ। ਸਿੱਖਿਆ ਮਨੋਵਿਗਿਆਨ ਇੱਕ ਵਿਵਹਾਰਿਕ ਮਨੋਵਿਗਿਆਨ ਹੁੰਦਾ ਹੈ। ਉਸ ਨੂੰ ਮਨੁੱਖੀ ਆਚਰਣ ਦੇ ਬੁਨਿਆਦੀ ਨਿਯਮਾਂ ਵਿੱਚ ਦਿਲਚਸਪੀ ਹੁੰਦੀ ਹੈ ਪਰੰਤੂ ਇਸ ਦੇ ਨਾਲ ਹੀ ਉਸ ਨੂੰ ਇਸ ਗੱਲ ਵਿੱਚ ਵੀ ਦਿਲਚਸਪੀ ਹੁੰਦੀ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਕਿਸ ਤਰ੍ਹਾਂ ਉਹਨਾਂ ਦਾ ਉਪਯੋਗ ਹੁੰਦਾ ਹੈ। ਜੀ.ਐਲ. ਅਡਰਸਨ ਦੇ ਅਨੁਸਾਰ, "ਸਿੱਖਿਆ ਮਨੋਵਿਗਿਆਨ ਇੱਕ ਅਜਿਹਾ ਵਿਸ਼ਾ ਹੈ ਜਿਸ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਇਹ ਨਿਰਮਾਣ ਦਾ ਇੱਕ ਖੇਤਰ ਹੈ ਜਿਸ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਗਿਆਨ ਦੇ ਇੱਕ ਖੇਤਰ ਦੇ ਨਿਯਮ ਅਤੇ ਸਿਧਾਂਤ ਕਿਸ-ਕਿਸ ਢੰਗ ਨਾਲ ਇੱਕ ਸਮਾਜਿਕ ਪ੍ਰਕ੍ਰਿਆ ਤੇ ਲਾਗੂ ਕੀਤੇ ਜਾਂਦੇ ਹਨ, ਉਹ ਸਾਧਨਾਂ ਅਤੇ ਪ੍ਰਵਿਧੀਆਂ ਦਾ ਇੱਕ ਸਮੂਹ ਹੈ ਅਤੇ ਉਹ ਸੋਧ ਕੰਮ ਦਾ ਖੇਤਰ ਹੈ।"

### 1.2.3.1 ਸਿੱਖਿਆ ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ (Definitions of Educational Psychology)

ਮਨੋਵਿਗਿਆਨ ਵਿਵਹਾਰ ਅਤੇ ਅਨੁਭਵ ਦਾ ਵਿਗਿਆਨ ਹੈ ਅਤੇ ਸਿੱਖਿਆ ਇਸ ਵਿਵਹਾਰ ਨੂੰ ਸੋਧਣ ਦਾ ਨਾਂ ਹੈ। ਸਿੱਖਿਆ ਮਨੋਵਿਗਿਆਨ ਸਿੱਖਿਆ ਸੰਬੰਧੀ ਸਮੱਸਿਆਵਾਂ ਤੇ ਲਾਗੂ ਹੋਣ ਵਾਲਾ ਮਨੋਵਿਗਿਆਨ ਹੈ। ਸਿੱਖਿਆ ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ ਜਾਂ ਦ੍ਰਿਸ਼ਟੀਕੋਣ ਇਸ ਪ੍ਰਕਾਰ ਹਨ।

1. **ਆਮ ਆਦਮੀ ਦੇ ਵਿਚਾਰ ਅਨੁਸਾਰ :** ਸਿੱਖਿਆ ਦੇ ਖੇਤਰ ਵਿੱਚ ਵਰਤੇ ਜਾਣ ਵਾਲੇ ਮਨੋਵਿਗਿਆਨ ਨੂੰ ਸਿੱਖਿਆ ਮਨੋਵਿਗਿਆਨ ਕਿਹਾ ਜਾਂਦਾ ਹੈ।
2. **ਕ੍ਰੋ ਅਤੇ ਕ੍ਰੋ ਅਨੁਸਾਰ:** ਸਿੱਖਿਆ ਮਨੋਵਿਗਿਆਨ ਵਿਅੱਕਤੀ ਦੇ ਜਨਮ ਤੋਂ ਲੈ ਕੇ ਬਿਰਧ ਅਵਸਥਾ ਤੱਕ ਦੇ ਸਿੱਖਣ ਅਨੁਭਵਾਂ ਦਾ ਵਰਣਨ ਅਤੇ ਵਿਆਖਿਆ ਕਰਦਾ ਹੈ।
3. **ਸਕਿਨਰ ਦੇ ਵਿਚਾਰ:** ਸਿੱਖਿਆ ਮਨੋਵਿਗਿਆਨ, ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਦਾ ਸੰਬੰਧ ਪੜ੍ਹਾਉਣ ਅਤੇ ਸਿੱਖਣ ਨਾਲ ਹੈ। ਉਸ ਦੇ ਵਿਚਾਰ ਅਨੁਸਾਰ ਪੜ੍ਹਾਉਣਾ ਅਤੇ ਸਿਖਾਉਣਾ ਸਿੱਖਿਆ ਮਨੋਵਿਗਿਆਨ ਦੀਆਂ ਮਹਤੱਵਪੂਰਨ ਸਮੱਸਿਆਵਾਂ ਦੇ ਖੇਤਰ ਹਨ।
4. **ਸਟੀਫਨ ਦਾ ਵਿਚਾਰ:** ਸਿੱਖਿਆ ਮਨੋਵਿਗਿਆਨ ਸੰਬੰਧੀ ਵਿਕਾਸ ਦਾ ਬਾਕਾਇਦਾ ਅਧਿਐਨ ਹੈ। ਉਸ ਦੇ ਵਿਚਾਰ ਅਨੁਸਾਰ ਹਰ ਚੀਜ਼ ਜਿਸ ਦਾ ਸੰਬੰਧ ਸਿੱਖਿਆ ਦੇ ਵਿਕਾਸ ਦੇ ਬਕਾਇਦਾ ਅਧਿਐਨ ਨਾਲ ਹੈ, ਸਿੱਖਿਆ ਮਨੋਵਿਗਿਆਨ ਦੇ ਖੇਤਰ ਵਿੱਚ ਸ਼ਾਮਿਲ ਕੀਤੀ ਜਾ ਸਕਦੀ ਹੈ।
5. **ਪੀਲ ਦਾ ਵਿਚਾਰ:** ਸਿੱਖਿਆ ਮਨੋਵਿਗਿਆਨ ਸਿੱਖਿਆ ਦਾ ਵਿਗਿਆਨ ਹੈ ਜੋ ਅਧਿਆਪਕ ਨੂੰ ਇਸ ਯੋਗ ਬਣਾਉਂਦਾ ਹੈ ਕਿ ਉਹ ਆਪਣੇ ਵਿਦਿਆਰਥੀਆਂ ਦੇ ਵਿਕਾਸ, ਉਹਨਾਂ ਦੀਆਂ ਯੋਗਤਾਵਾਂ, ਦੀਆਂ

ਸੀਮਾਵਾਂ, ਵਿਧੀਆਂ ਜਾਂ ਤਰੀਕੇ ਜਿਹਨਾਂ ਅਨੁਸਾਰ ਉਹ ਸਿੱਖਦੇ ਹਨ ਅਤੇ ਉਹਨਾਂ ਦੇ ਭਾਈਚਾਰਕ ਰਿਸ਼ਤਿਆਂ ਨੂੰ ਸਮਝ ਸਕੇ। ਉਸ ਦੇ ਅਨੁਸਾਰ ਸਿੱਖਿਆ ਮਨੋਵਿਗਿਆਨ ਮੁੱਖ ਤੌਰ ਤੇ ਸਿੱਖਣ ਦੇ ਸਰੂਪ, ਮਨੁੱਖੀ ਸ਼ਖ਼ਸਿਅਤ, ਵਿਅਕਤੀਆਂ ਵਿੱਚ ਅੰਤਰ ਤੇ ਵਿਅਕਤੀਆਂ ਦੇ ਸਮਾਜ ਨਾਲ ਰਬਤੇ ਨਾਲ ਸੰਬੰਧ ਰੱਖਦਾ ਹੈ।

6. **ਜੁੱਡ ਦਾ ਵਿਚਾਰ:** ਸਿੱਖਿਆ ਮਨੋਵਿਗਿਆਨ ਉਹ ਵਿਗਿਆਨ ਹੈ ਜਿਹੜਾ ਉਹਨਾਂ ਪਰਿਵਰਤਨਾਂ ਦੀ ਵਿਆਖਿਆ ਕਰਦਾ ਹੈ ਜੋ ਵਿਅਕਤੀ ਵਿੱਚ ਜਦੋਂ ਉਹ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦਾ ਹੈ, ਵਾਪਰਦੇ ਹਨ। ਇਸ ਦਾ ਸੰਬੰਧ ਬਹੁਤ ਸਾਰੀਆਂ ਅਵਸਥਾਵਾਂ ਨਾਲ ਹੈ।
7. **ਵਾਲਟਰ ਬੀ. ਕੋਲਸਨਿਕ (Walter B. Kolesnik)** ਨੇ ਆਪਣੀ ਪੁਸਤਕ 'ਸਿੱਖਿਆ ਮਨੋਵਿਗਿਆਨ' ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ, "ਇਹ ਮਨੋਵਿਗਿਆਨ ਦੇ ਉਹਨਾਂ ਤੱਤਾਂ ਅਤੇ ਕੰਮਾਂ ਦਾ ਅਧਿਐਨ ਹੈ, ਜਿਹੜੇ ਸਿੱਖਿਆ ਦੀ ਪ੍ਰਕ੍ਰਿਆ ਨੂੰ ਸਮਝਣ ਅਤੇ ਇਸ ਨੂੰ ਸੁਧਾਰਨ ਵਿੱਚ ਮਦਦ ਕਰਦੇ ਹਨ। ਇਸ ਤਰ੍ਹਾਂ ਸਿੱਖਿਆ ਮਨੋਵਿਗਿਆਨ ਦੀਆਂ ਕ੍ਰਿਆਵਾਂ -ਸਿੱਖਿਆ ਅਤੇ ਮਨੋਵਿਗਿਆਨ ਬਾਰੇ ਵਿਗਿਆਨਕ ਜਾਣਕਾਰੀ ਦਾ ਭੰਡਾਰ ਹੈ।"
8. ਕੁਝ ਮਨੋਵਿਗਿਆਨੀਆਂ ਦੇ ਅਨੁਸਾਰ, "ਸਿੱਖਿਆ ਮਨੋਵਿਗਿਆਨ ਬੁਨਿਆਦੀ ਤੌਰ ਤੇ ਉਸ ਮਨੁੱਖੀ ਵਿਵਹਾਰ ਜਾਂ ਮਨੁੱਖੀ ਸ਼ਖ਼ਸੀਅਤ ਨਾਲ ਸੰਬੰਧਿਤ ਹੈ ਜਿਹੜਾ ਸਿੱਖਿਆ ਦੀ ਸਮਾਜਿਕ ਪ੍ਰਕ੍ਰਿਆ ਦੁਆਰਾ ਪਰਿਵਰਤਿਤ ਹੁੰਦਾ ਜਾਂ ਸੋਧਿਆ ਜਾਂਦਾ ਹੈ। ਦੂਜੇ ਪਾਸੇ ਇਸ ਦਾ ਸੰਬੰਧ ਉਹਨਾਂ ਪ੍ਰਕ੍ਰਿਆਵਾਂ ਜਾਂ ਅਧਿਐਨ ਨਾਲ ਹੈ ਜਿਹਨਾਂ ਦੁਆਰਾ ਇਹ ਸਮਝਣ ਵਿੱਚ ਮਦਦ ਮਿਲਦੀ ਹੈ ਕਿ ਸਿੱਖਿਆ ਦੁਆਰਾ ਵਿਵਹਾਰ ਵਿੱਚ ਕਿਵੇਂ ਪਰਿਵਰਤਨ ਆਉਂਦਾ ਹੈ?"
9. ਕੁਝ ਸਿੱਖਿਆ ਮਨੋਵਿਗਿਆਨੀ ਸਿੱਖਿਆ ਮਨੋਵਿਗਿਆਨ ਇਸ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੰਦੇ ਹਨ ਕਿ, "ਸਿੱਖਿਆ ਮਨੋਵਿਗਿਆਨ ਦੀ ਇੱਕ ਸ਼ਾਖਾ ਹੈ ਜਿਸ ਦਾ ਕੰਮ ਵਿੱਦਿਆ ਦੀਆਂ ਮਨੋਵਿਗਿਆਨਕ ਸਮੱਸਿਆਵਾਂ ਦਾ ਅਧਿਐਨ ਕਰਨਾ ਹੈ। ਇਹ ਵਿਅਕਤੀਗਤ ਭਿੰਨਤਾ ਦੇ ਵਾਧੇ ਅਤੇ ਸ਼ਖ਼ਸੀਅਤ ਦੇ ਵਿਕਾਸ ਨਾਲ ਸਿੱਧੇ ਤੌਰ ਤੇ ਸੰਬੰਧਿਤ ਹੈ।"

ਮਨੋਵਿਗਿਆਨ ਦੀ ਪ੍ਰਕ੍ਰਿਆ ਵਿੱਚ ਸਿੱਖਣ ਅਤੇ ਸਿਖਾਉਣ ਦਾ ਇੱਕ ਵਿਸ਼ੇਸ਼ ਸਥਾਨ ਹੈ ਅਤੇ ਵਿਦਿਆਰਥੀ ਇਸ ਪ੍ਰਕ੍ਰਿਆ ਦੀ ਇੱਕ ਬਹੁਤ ਮਹੱਤਵਪੂਰਨ ਲੜੀ ਹੈ। ਇਸ ਲਈ ਸਿੱਖਿਆ ਮਨੋਵਿਗਿਆਨ ਨੂੰ ਅਧਿਐਨ ਕਰਨ ਦਾ ਸਾਧਨ ਦਰਸ਼ਾਉਣਾ ਉਚਿੱਤ ਹੈ।

ਸਿੱਖਿਆ ਮਨੋਵਿਗਿਆਨ ਇੱਕ ਨਵਾਂ ਤੇ ਪ੍ਰਫੁੱਲਤ ਹੋ ਰਿਹਾ ਵਿਗਿਆਨ ਹੈ। ਇਸ ਖੇਤਰ ਵਿੱਚ ਨਿੱਤ ਨਵੇਂ ਤਜਰਬੇ ਹੋ ਰਹੇ ਹੁੰਦੇ ਹਨ ਅਤੇ ਨਵੀਆਂ ਖੋਜਾਂ ਹੋ ਰਹੀਆਂ ਹਨ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਸਿੱਖਿਆ ਮਨੋਵਿਗਿਆਨ ਦਾ ਖੇਤਰ, ਸਮੱਸਿਆਵਾਂ ਅਤੇ ਸੀਮਾਵਾਂ ਪਰਿਵਰਤਨਸ਼ੀਲ ਹਨ ਅਤੇ ਇਸ ਵਿੱਚ ਅਜੇ ਹੋਰ ਵਿਕਾਸ ਦੀਆਂ ਸੰਭਾਵਨਾਵਾਂ ਹਨ।

### 1.2.4 ਸਿੱਖਿਆ ਮਨੋਵਿਗਿਆਨ ਦਾ ਸਰੂਪ (Nature of Educational Psychology)

ਸਿੱਖਿਅਕ ਮਨੋਵਿਗਿਆਨ ਦੇ ਅਰਥਾਂ ਤੋਂ ਸਾਨੂੰ ਇਸਦੇ ਸਰੂਪ ਬਾਰੇ ਜਾਣਕਾਰੀ ਮਿਲਦੀ ਹੈ ਜੋ ਕਿ ਵਿਸਥਾਰ ਪੂਰਵਕ ਦਿੱਤੀ ਜਾ ਰਹੀ ਹੈ।

1. ਮਨੋਵਿਗਿਆਨ ਮਨੁੱਖ ਦੇ ਵਿਵਹਾਰ ਦਾ ਯਕਾਰਥਕ ਗਿਆਨ ਹੈ ਕਿਉਂਕਿ ਇਹ ਮਨੁੱਖ ਦੇ ਵਿਵਹਾਰ ਦਾ ਵਰਣਨ ਕਰਦਾ ਹੈ, ਉਸ ਉੱਤੇ ਕਾਬੂ ਰੱਖਦਾ ਹੈ ਅਤੇ ਮਨੁੱਖੀ ਵਿਵਹਾਰ ਦੀ ਭਵਿੱਖਵਾਣੀ ਕਰਦਾ ਹੈ।
2. ਇਹ ਮਨੋਵਿਗਿਆਨ ਨਾਲ ਸੰਬੰਧਤ ਸ਼ਾਖਾ ਹੈ ਜੋ ਕਿ ਸਿਖਿਆਰਥੀ ਦੇ ਸਦਾਚਾਰ ਦਾ ਉਸ ਦੀਆਂ ਸਿੱਖਣ-ਪ੍ਰਸਥਿਤੀਆਂ ਦੇ ਮੁਤਾਬਿਕ ਅਧਿਐਨ ਕਰਦੀ ਹੈ।
3. ਇਹ ਵਿਗਿਆਨਕ ਪ੍ਰਵੇਸ਼ ਅਪਣਾਉਂਦਾ ਹੈ ਜਿਵੇਂ ਕਿ ਨਿਰੀਖਣ, ਪ੍ਰਯੋਗ, ਕੇਸ ਸਟਡੀ, ਪ੍ਰਸ਼ਨਾਵਲੀ, ਸਾਰਸ਼ਾਤਕਾਰ ਇਤਿਆਦਿ।
4. ਇਹ ਪ੍ਰਯੋਗਸਿੱਧ (Empirical) ਹੈ ਅਤੇ ਵਾਸਤਵਿਕ (Factual) ਹੈ। ਇਹ ਕਿਸੇ ਸੰਸਥਾ, ਅਨੁਮਾਨਿਤ ਵਿਚਾਰ (Opinion) ਜਾਂ ਵਿਸ਼ਵਾਸ਼ ਉੱਪਰ ਆਸ਼ਿ੍ਤ ਨਹੀਂ ਕਰਦੀ।

ਸਿੱਖਿਅਕ ਮਨੋਵਿਗਿਆਨੀ ਨਿਰੀਖਣ ਅਤੇ ਪ੍ਰਯੋਗ ਕਰਕੇ ਸਾਮਗਰੀ (Data) ਇਕੱਠੀ ਕਰਦੇ ਹਨ। ਇਨ੍ਹਾਂ ਪ੍ਰਯੋਗਾਂ ਦੌਰਾਨ ਇੱਕ ਵਿਅਕਤੀ ਜਾਂ ਇੱਕ ਗਰੁੱਪ ਨੂੰ ਮਨੋਵਿਗਿਆਨਕ ਤੌਰ ਤੇ ਕਾਬੂ ਵਿੱਚ ਕੀਤੀਆਂ ਪਰਸਥਿਤੀਆਂ ਵਿੱਚ ਰੱਖਕੇ ਉਸ ਵਿਅੱਕਤੀ ਜਾਂ ਗਰੁੱਪ ਦੇ ਸਦਾਚਾਰ ਬਾਰੇ ਜਾਣਕਾਰੀ ਹਾਸਿਲ ਕੀਤੀ ਜਾਂਦੀ ਹੈ।

ਸਿੱਖਿਅਕ ਮਨੋਵਿਗਿਆਨ ਦੇ ਖੇਤਰ ਵਿੱਚ ਕਈ ਵਾਰੀ ਸਾਨੂੰ ਕੁਦਰਤੀ ਅਤੇ ਸਿਲਸਿਲੇਵਾਰ ਨਿਰੀਖਣ ਦਾ ਆਸਰਾ ਲੈਣਾ ਪੈਂਦਾ ਹੈ। ਇਸ ਨਿਰੀਖਣ ਦੇ ਦੌਰਾਨ ਖੋਜੀ ਪ੍ਰਸਥਿਤੀਆਂ ਦਾ ਨਿਯਮ ਮੁਤਾਬਿਕ ਸਿਲਸਿਲੇਵਾਰ ਪ੍ਰੀਖਣ ਕਰਦਾ ਹੈ। ਅਜੋਕੇ ਸਮੇਂ ਵਿੱਚ ਨਿਰੀਖਣ ਦੀ ਇਹ ਵਿਧੀ ਬਹੁਤ ਹੀ ਸਫਲ ਸਿੱਧ ਹੋ ਰਹੀ ਹੈ। ਬੱਚਿਆਂ ਨੂੰ ਜਮਾਤ ਦੇ ਕਮਰੇ ਦੇ ਅੰਦਰ ਅਤੇ ਬਾਹਰ ਉਹਨਾਂ ਦੇ ਸਦਾਚਾਰਕ ਲੱਛਣਾ ਅਤੇ ਸਮਾਜਿਕ ਵਿਵਹਾਰ ਦੇ ਆਧਾਰ ਉੱਪਰ ਪਰਖਿਆ ਜਾਂਦਾ ਹੈ

**5.** ਇਸਦੀ ਪ੍ਰਵੇਸ਼ (Approach) ਬਾਹਰ ਮੁਖੀ (Objective) ਹੈ। ਮਨੋਵਿਗਿਆਨ ਸਿੱਟੇ ਉੱਪਰ ਪਹੁੰਚਣ ਲਈ ਆਪਣੀਆਂ ਸੋਚਾਂ ਅਤੇ ਵਿਚਾਰਾਂ ਨੂੰ ਇੱਕ ਪਾਸੇ ਛੱਡ ਦਿੰਦਾ ਹੈ। ਨਿਰੀਖਣ ਕਰਦੇ ਸਮੇਂ ਉਹ ਸਦਾਚਾਰਕ ਵਿਵਹਾਰ ਦਾ ਰਿਕਾਰਡ ਰੱਖਦਾ ਹੈ ਅਤੇ ਲੋੜ ਪੈਣ ਤੇ ਉਸਦਾ ਮਾਤਰਾਤਮਕ (Quantitative) ਵਰਗੀਕਰਣ ਵੀ ਕਰਦਾ ਹੈ। ਇੱਥੇ ਇਹ ਧਿਆਨ ਵਿੱਚ ਰੱਖਣ ਯੋਗ ਗੱਲ ਹੈ ਕਿ ਉਹ ਇੱਕ ਅਜਿਹੇ ਵਿਸ਼ੇ ਦਾ ਪ੍ਰੀਖਣ ਕਰ ਰਿਹਾ ਹੈ (Human behaviour) ਮਨੁੱਖੀ ਵਿਵਹਾਰ, ਜੋ ਕਿ ਬਹੁਤ ਹੀ ਗੁੰਝਲਦਾਰ ਹੈ, ਸਮੇਂ ਨਾਲ ਬਦਲਦਾ ਵੀ ਰਹਿੰਦਾ ਹੈ। ਹੋਰ ਤਾਂ ਹੋਰ ਕੋਈ ਵੀ ਦੋ ਵਿਅਕਤੀਆਂ ਦਾ ਸਦਾਚਾਰਕ ਵਿਵਹਾਰ ਇੱਕ ਸਮਾਨ ਨਹੀਂ ਹੁੰਦਾ।

**6.** ਇਹ ਪ੍ਰੀਭਾਸ਼ਾਵਾਂ ਦੀ ਵਿਆਖਿਆ ਧਿਆਨ ਨਾਲ ਕਰਦਾ ਹੈ। ਸਿੱਖਿਅਕ ਮਨੋਵਿਗਿਆਨ ਵਿੱਚ ਇਸਤੇਮਾਲ ਕੀਤੀਆਂ (Terms) ਦਾ ਬਹੁਤ ਧਿਆਨ ਨਾਲ ਅਤੇ ਨਾਪ ਤੋਲ ਕੇ ਵਿਵਰਣ ਕੀਤਾ ਜਾਂਦਾ ਹੈ। ਇਹ ਪ੍ਰੀਭਾਸ਼ਾਵਾਂ ਅਨੁਮਾਲਿਤ ਅਤੇ ਆਲੋਚਨਾਤਮਕ (Terms) ਨਾਲ ਬਣਾਈਆਂ ਜਾਂਦੀਆਂ ਹਨ। ਸਿੱਖਿਅਕ ਮਨੋਵਿਗਿਆਨੀ ਬੁੱਧੀ, ਸਿਰਜਨਾਤਮਕਤਾ, ਸਿੱਖਣ, ਯਾਦ ਸ਼ਕਤੀ, ਪ੍ਰੇਰਨਾ ਅਤੇ ਸੰਵੇਗ ਵਰਗੇ ਸੂਖਮ ਸੰਕਲਪਾਂ ਦਾ ਅਧਿਐਨ ਕਰਨ ਲਈ ਇਹਨਾਂ ਕਾਰਜਸ਼ੀਲ ਪ੍ਰੀਭਾਸ਼ਾਵਾਂ ਨੂੰ ਕੰਮ ਵਿੱਚ ਲਿਆਉਂਦੇ ਹਨ।

**7.** ਇਸਦੇ ਸਿਧਾਂਤ ਸਰਵਲੋਕਿਕ (Universal) ਹਨ।

**8.** ਇਸਦੇ ਸਿਧਾਂਤ ਪ੍ਰਮਾਣਿਕ (Valid) ਹਨ।

**9.** ਇਹ ਅਧਾਰ ਅਤੇ ਸਿੱਟੇ (Cause and effect) ਦੇ ਸਿਧਾਂਤ ਨੂੰ ਪ੍ਰਭਾਸ਼ਿਤ ਕਰਦੇ ਹਨ।

ਸਿੱਖਿਅਕ ਮਨੋਵਿਗਿਆਨ ਸਿੱਖਿਆ ਦਾ ਅਧਾਰ ਹੈ। ਇਸ ਦੁਆਰਾ ਬੱਚਿਆਂ ਦੀਆਂ ਸਕੂਲੀ ਮੁਸ਼ਕਿਲਾਂ ਅਤੇ ਉਹਨਾਂ ਦੇ ਸਮਾਧਾਨ ਬਾਰੇ ਜਾਣਕਾਰੀ ਮਿਲਦੀ ਹੈ। ਸਿੱਖਿਆ ਮਨੋਵਿਗਿਆਨ ਮੂਲ ਰੂਪ ਵਿੱਚ ਸਮੱਸਿਆਵਾਂ ਨੂੰ ਸੁਲਝਾਉਣ ਬਾਰੇ ਜਾਣਕਾਰੀ, ਤਕਨੀਕਾਂ ਅਤੇ ਕਾਰਜ ਪ੍ਰਣਾਲੀ ਬਾਰੇ ਗਿਆਨ ਦਿੰਦਾ ਹੈ।

### 1.2.5 ਸਿੱਖਿਆ ਮਨੋਵਿਗਿਆਨ ਦਾ ਵਿਸ਼ਾ ਖੇਤਰ (Scope of Educational Psychology)

ਜਿਵੇਂ ਕਿ ਸਿੱਖਿਆ ਜੀਵਨ ਦਾ ਅਨਿੱਖੜਵਾਂ ਅੰਗ ਹੈ ਉਸੇ ਤਰ੍ਹਾਂ ਸਿੱਖਿਅਕ ਮਨੋਵਿਗਿਆਨ ਦੀਆਂ ਸਮੱਸਿਆਵਾਂ ਵੀ ਜੀਵਨ ਨਾਲ ਸੰਬੰਧਿਤ ਹਨ। ਸਿੱਖਿਆ ਮਨੋਵਿਗਿਆਨ ਦਾ ਉਦੇਸ਼ ਮਨੁੱਖੀ ਸਦਾਚਾਰ ਵਿਚਲੀਆਂ ਸਿੱਖਿਅਕ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ।

ਕਿਸੇ ਵੀ ਵਿਸ਼ੇ ਦਾ ਮੰਤਵ ਉਸ ਦੀਆਂ ਪ੍ਰੀਭਾਸ਼ਾਵਾਂ ਅਤੇ ਉਸਦੇ ਸੰਕਲਪਾਂ ਦੁਆਰਾ ਉਜਾਗਰ ਹੁੰਦਾ ਹੈ। ਸਿੱਖਿਅਕ ਮਨੋਵਿਗਿਆਨ ਇੱਕ ਆਧੁਨਿਕ ਅਤੇ ਤਰੱਕੀਸ਼ੀਲ ਵਿਗਿਆਨ ਹੈ ਅਤੇ ਇਹ ਕਾਰਨ ਹੈ ਕਿ ਇਸ ਦੀਆਂ ਸੀਮਾਵਾਂ (boundaries) ਹਮੇਸ਼ਾਂ ਬਦਲਦੀਆਂ ਰਹਿੰਦੀਆਂ ਹਨ। ਨਵੀਆਂ-ਨਵੀਆਂ ਖੋਜਾਂ ਦੇ ਆਧਾਰ ਉੱਪਰ ਇਸਦੇ ਵੱਖ-ਵੱਖ ਖੇਤਰਾਂ ਨੂੰ ਹਮੇਸ਼ਾ ਨਵੀਂ ਦਿਸ਼ਾ ਮਿਲਦੀ ਰਹੀ ਹੈ। ਅਜੋਕੇ ਸਮੇਂ ਵਿੱਚ ਵੀ ਸਿੱਖਿਆ ਮਨੋਵਿਗਿਆਨ ਦੇ ਖੇਤਰ ਵਿੱਚ ਖੋਜ ਦਾ ਕੰਮ ਚਲ ਰਿਹਾ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਬਹੁਤ ਸਾਰੇ ਨਵੇਂ ਸਿਧਾਂਤ ਹੋਂਦ ਵਿੱਚ ਆ ਸਕਦੇ ਹਨ। ਇਸ ਲਈ ਸਿੱਖਿਆ ਮਨੋਵਿਗਿਆਨ ਦੇ ਮੰਤਵਾਂ ਬਾਰੇ ਜਾਂ ਭਵਿੱਖ ਵਿੱਚ ਕੀ ਮੁਸ਼ਕਲਾਂ ਆਉਣਗੀਆਂ, ਇਹਨਾਂ ਬਾਰੇ ਕੋਈ ਵੀ ਅੰਤਿਮ ਰਾਏ ਨਹੀਂ ਦਿੱਤੀ ਜਾ ਸਕਦੀ।

ਗੈਰੀਸਨ ਦੇ ਅਨੁਸਾਰ ਸਿੱਖਿਆ ਮਨੋਵਿਗਿਆਨ ਦਾ ਮੰਤਵ ਹੈ ਸਿੱਖਿਆ ਦੇ ਆਮ ਖੇਤਰਾਂ ਦੀ ਛਾਣਬੀਣ ਕਰਨਾ। ਗੈਰੀਸਨ ਨੇ ਹੇਠ ਲਿਖੇ ਕੁੱਝ ਖੇਤਰਾਂ ਬਾਰੇ ਜ਼ੋਰ ਦਿੱਤਾ:

1. ਬੱਚਾ ਅਤੇ ਉਸਦਾ ਵਿਕਾਸ, ਵਿਕਾਸ ਦੀ ਪ੍ਰਕ੍ਰਿਆ, ਬੁੱਧੀ, ਭਾਸ਼ਾ ਅਤੇ ਸੋਚਣ ਸ਼ਕਤੀ ਅਤੇ ਸਮਾਜਿਕਤਾ।
2. ਸਿੱਖਣਾ, ਸਿੱਖਣਾ ਅਤੇ ਪ੍ਰੇਰਨਾ, ਹੁਨਰਾਂ ਦਾ ਸਿੱਖਣਾ, ਸਮੱਸਿਆ ਸਮਾਧਾਨ ਅਤੇ ਚਰਿੱਤਰ ਨਿਰਮਾਣ।
3. ਵਿਦਿਆਰਥੀ ਦੇ ਸਰੀਰਕ ਵਿਕਾਸ ਦਾ ਮੁਲਾਂਕਣ, ਮੁਲਾਂਕਣ ਦੇ ਤਰੀਕੇ, ਇਕੱਲੇ-ਇਕੱਲੇ ਬੱਚੇ ਦਾ ਨਿਰੀਖਣ, ਸਕੂਲ ਵਿੱਚ ਸਿੱਖਣ ਸੰਬੰਧੀ ਸਮੱਸਿਆਵਾਂ, ਹਦਾਇਤਾਂ ਦੇ ਨਤੀਜੇ ਦਾ ਮੁਲਾਂਕਣ।
4. ਬੱਚੇ ਦਾ ਪੱਥ ਪਰਦਰਸ਼ਨ, ਸ਼ਖ਼ਸੀਅਤ ਦੇ ਏਕੀਕਰਣ, ਬੱਚੇ ਦੀਆਂ ਅਨੁਕੂਲਤਾ ਸੰਬੰਧੀ ਮੁਸ਼ਕਲਾਂ, ਬੱਚੇ ਅਤੇ ਸਿੱਖਿਅਕ ਦੇ ਸੰਬੰਧ।

**ਲਿੰਡਗਰੈਨ** ਨੇ ਕਿਹਾ ਕਿ ਸਿੱਖਿਅਕ ਮਨੋਵਿਗਿਆਨ ਸਿੱਖਿਆ ਦੇ ਹੇਠ ਲਿਖੇ ਤਿੰਨ ਪਹਿਲੂਆਂ ਨਾਲ ਸੰਬੰਧਿਤ ਹੈ:

1. ਸਿੱਖਿਆਰਥੀ
2. ਸਿੱਖਣ ਪ੍ਰਕ੍ਰਿਆ
3. ਸਿੱਖਣ ਅਵੱਸਥਾ

ਜੇਕਰ ਅਸੀਂ ਸਿੱਖਿਅਕ ਮਨੋਵਿਗਿਆਨ ਦੀਆਂ ਵੱਖ-ਵੱਖ ਕਿਤਾਬਾਂ ਦੇ ਤੱਤਕਰਿਆਂ (Table of Contents) ਉੱਪਰ ਨਜ਼ਰ ਮਾਰੀਏ ਤਾਂ ਵੇਖਣ ਵਿੱਚ ਆਉਂਦਾ ਹੈ ਕਿ ਵਿਸ਼ਾ ਵਸਤੂ ਹੇਠ ਲਿਖੇ ਕੁਲ ਪ੍ਰਸੰਗਾਂ ਉਪਰ ਹੀ ਕੇਂਦਰਿਤ ਹੁੰਦਾ ਹੈ।

1. **ਵਿਵਹਾਰ ਦਾ ਮੂਲ (Basis of Behaviour):** ਸਿੱਖਿਆ ਮਨੋਵਿਗਿਆਨ ਸਿੱਖਿਆਰਥੀ ਦੇ ਵਿਵਹਾਰ ਦਾ ਵੱਖ-ਵੱਖ ਸਿੱਖਣ ਸਥਿਤੀਆਂ ਵਿੱਚ ਨਿਰੀਖਣ ਕਰਦਾ ਹੈ। ਇਹ ਵਿਵਹਾਰ ਦੇ ਮਨੋਵਿਗਿਆਨ ਪੱਖਾਂ ਜਿਵੇਂ ਕਿ: ਅੰਤਰ ਪ੍ਰੇਰਨਾ, ਸੰਵੇਗ, ਮਨੋਭਾਵ, ਤਜਵੀ, ਹਮਦਰਦੀ, ਅਨੁਕਰਣ ਆਦਿ ਬਾਰੇ ਗਿਆਨ ਅਰਜਿਤ ਕਰਦਾ ਹੈ। ਇਹ ਮਨੋਵਿਗਿਆਨ ਦੇ ਆਧਾਰ ਨਾੜੀ ਮੰਡਲ (Nervous system) ਬਾਰੇ ਵੀ ਗਿਆਨ ਹਾਸਿਲ ਕਰਦਾ ਹੈ।

2. **ਵਿਅਕਤਿਗਤ ਵਖਰੇਵੇਂ (Individual Differences):** ਕੋਈ ਵੀ ਦੋ ਵਿਅੱਕਤੀ ਇੱਕੋ ਜਿਹੇ ਨਹੀਂ ਹੁੰਦੇ ਅਤੇ ਇਸੇ ਲਈ ਉਹਨਾਂ ਨੂੰ ਇੱਕੋ ਤਰੀਕੇ ਰਾਹੀਂ ਪੜ੍ਹਾਇਆ ਨਹੀਂ ਜਾ ਸਕਦਾ। ਵਿਅੱਕਤੀਗਤ ਵਖਰੇਵਿਆਂ ਦਾ ਕਾਰਨ ਪੈਤਰਿਕ ਜਾਂ ਵਾਤਾਵਰਣ ਵਿਚਲਾ ਅਡਰਾਪਣ ਹੋ ਸਕਦਾ ਹੈ। ਸਿੱਖਿਆਰਥੀਆਂ ਵਿੱਚ ਕਈ ਭਿੰਨਤਾਵਾਂ ਹੁੰਦੀਆਂ ਹਨ ਜਿਵੇਂ ਕਿ -ਸਮਰੱਥਾ, ਲਿਆਕਤ, ਸੰਭਵਤਾ, ਯੋਗਤਾ, ਬੁੱਧੀਮਤਾ, ਮਨੋ-ਵ੍ਰਿਤਿ ਕੁਸ਼ਲਤਾ, ਰੁਚੀ, ਭਾਵੁਕਤਾ, ਮਿਜਾਜ਼ ਅਤੇ ਲੱਛਣ ਆਦਿ। ਮਨੋਵਿਗਿਆਨ ਇਨ੍ਹਾਂ ਸਭ ਖੇਤਰਾਂ ਬਾਰੇ ਨਿਰੀਖਣ ਕਰਦਾ ਹੈ।

3. **ਵਿਕਾਸ ਸੰਬੰਧੀ ਪੜਾਅ (Developmental Stages):** ਸਿੱਖਿਆ ਮਨੋਵਿਗਿਆਨ ਸਿੱਖਿਅਕ ਦੀ ਉਤਪਤੀ ਅਤੇ ਵਿਕਾਸ ਬਾਰੇ ਅਧਿਐਨ ਕਰਦਾ ਹੈ। ਹਰੇਕ ਬੱਚਾ ਵਿਕਾਸ ਦੇ ਚਾਰ ਪੜਾਵਾਂ ਤੋਂ ਹੋ ਕੇ ਗੁਜ਼ਰਦਾ ਹੈ: ਬਾਲਪਨ, ਮੁੱਢਲਾ ਬਚਪਨ, ਅੰਤਲਾ ਬਚਪਨ ਅਤੇ ਕਿਸ਼ੋਰ ਅਵਸਥਾ ਜਿਸ ਵਿੱਚੋਂ ਲੰਘਣ ਤੋਂ ਬਾਅਦ ਉਹ ਬਾਲਿਗ ਹੋ ਜਾਂਦਾ ਹੈ। ਸਿੱਖਿਆ ਮਨੋਵਿਗਿਆਨ ਹਰੇਕ ਪੜਾਅ ਦੇ ਬਾਰੇ ਵਿੱਚ ਗਹਿਰਾਈ ਨਾਲ ਪੜ੍ਹਦਾ ਏ ਤਾਂ ਜੋ ਅਧਿਆਪਕ ਹੋਰ ਪੜਾਅ ਦੀਆਂ ਜ਼ਰੂਰਤਾਂ ਦੇ ਆਧਾਰ ਤੇ ਆਪਣੇ ਸਿਖਾਉਣ ਦੀ ਪ੍ਰਕ੍ਰਿਆ ਅਖ਼ਤਿਆਰ ਕਰ ਸਕਣ।

4. **ਸਿੱਖਣ ਦਾ ਮਨੋਵਿਗਿਆਨ (Psychology of Learning):** ਸਿੱਖਿਆ ਮਨੋਵਿਗਿਆਨ ਦਾ ਇੱਕ ਮਹੱਤਵਪੂਰਨ ਵਿਸ਼ਾ ਸਿੱਖਣ ਕ੍ਰਿਆ ਹੈ। ਕੀ ਵਰਤਿਆ ਜਾਵੇ? ਕੀ ਬੱਚੇ ਕੇਵਲ ਜ਼ਰੂਰੀ ਚੀਜ਼ਾਂ ਹੀ ਸਿੱਖਣ? ਅਸੀਂ ਬੱਚਿਆਂ ਨੂੰ ਕਿਵੇਂ ਪ੍ਰੇਰਿਤ ਕਰ ਸਕਦੇ ਹਾਂ? ਅਤੇ ਸਿੱਖਣ ਪ੍ਰਕਿਰਿਆ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ? ਭੁੱਲਣਾ ਕੀ ਹੈ? ਇਸ ਤਰ੍ਹਾਂ ਸਿੱਖਣ-ਕ੍ਰਿਆ ਇੱਕ ਮਹਤੱਵਪੂਰਨ ਵਿਸ਼ਾ ਬਣ ਜਾਂਦਾ ਹੈ ਅਤੇ ਇਹ ਅਜਿਹੇ ਬਹੁਤ ਸਾਰੇ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ।

5. **ਬੁੱਧੀ, ਰੁਝਾਨ ਅਤੇ ਪ੍ਰਾਪਤੀ ਦਾ ਮਾਪ (Measuring Intelligence, Aptitude and Achievement):** ਸਿੱਖਿਆ ਮਨੋਵਿਗਿਆਨ, ਬੁੱਧੀ ਅਤੇ ਰੁਝਾਨ ਦੇ ਸਰੂਪ, ਵਿਕਾਸ ਅਤੇ ਮਾਪ ਦਾ ਅਧਿਐਨ ਕਰਦਾ ਹੈ। ਇਹਨਾਂ ਦੇ ਮਾਪ ਲਈ ਬਹੁਤ ਸਾਰੀਆਂ ਪ੍ਰਸ਼ਨਾਵਲੀਆਂ ਅਤੇ ਵਿਵਰਣ ਸੂਚੀਆਂ ਬਣ ਚੁੱਕੀਆਂ ਹਨ।

ਸਿੱਖਿਆ ਮਨੋਵਿਗਿਆਨ ਇਹਨਾਂ ਪ੍ਰਸ਼ਨਾਵਲੀਆਂ ਨੂੰ ਬਣਾਉਣ ਅਤੇ ਇਹਨਾਂ ਦੀ ਵਰਤੋਂ ਵਿੱਚ ਅਗਵਾਈ ਕਰਦਾ ਹੈ।

6. **ਸਖ਼ਸ਼ੀਅਤ ਅਤੇ ਸਮਾਯੋਜਨ (Personality and Adjustment):** ਸਿੱਖਿਆ ਮਨੋਵਿਗਿਆਨ ਦੀ ਹਰੇਕ ਕਿਤਾਬ ਵਿੱਚ ਸਖ਼ਸ਼ੀਅਤ ਅਤੇ ਸਮਾਯੋਜਨ ਦਾ ਅਧਿਆਇ ਜ਼ਰੂਰੀ ਤੌਰ ਤੇ ਹੁੰਦਾ ਹੈ। ਸ਼ਖ਼ਸੀਅਤ ਦਾ ਸਰੂਪ, ਵਿਕਾਸ ਅਤੇ ਉਸਦੇ ਮੁਲਾਂਕਣ ਬਾਰੇ ਚਰਚਾ ਕੀਤੀ ਜਾਂਦੀ ਹੈ। ਅਸਾਧਾਰਨ ਬੱਚੇ ਜਿਵੇਂ ਕਿ ਲਿਆਕਤੀ (Gifted), ਪਛੜੇ ਹੋਏ, ਅਪੰਗ ਅਤੇ ਅਪਰਾਧੀ ਬੱਚਿਆਂ ਦੀਆਂ ਮੁਸ਼ਕਿਲਾਂ ਦਾ ਸਮਾਧਾਨ ਖੋਜਿਆ ਜਾਂਦਾ ਹੈ।

7. **ਮਾਪਨ ਅਤੇ ਮੁਲਾਂਕਣ (Measurement and Evaluation):** ਪੈਮਾਇਸ਼ ਅਤੇ ਮੁਲਾਂਕਣ ਵੀ ਸਿੱਖਿਆ ਮਨੋਵਿਗਿਆਨ ਦਾ ਇੱਕ ਅਨਿੱਖੜਵਾਂ ਅੰਗ ਹੈ। ਇਸ ਦੁਆਰਾ ਇੱਕ ਅਧਿਆਪਕ ਆਪਣੇ ਦੁਆਰਾ ਪ੍ਰਦਾਨ ਕੀਤੀ ਗਈ ਸਿੱਖਿਆ ਦਾ ਵਸਤਵਿਕ ਅਤੇ ਯਥਾਰਥਕ ਤੌਰ ਤੇ ਮੁਲਾਂਕਣ ਕਰ ਸਕਦਾ ਹੈ। ਇਸੇ ਸੰਦਰਭ ਵਿੱਚ ਸਾਂਖਿਅਕੀ (Statistics) ਵੀ ਇੱਕ ਮਹੱਤਵਪੂਰਨ ਵਿਸ਼ਾ ਹੈ।

8. **ਸਿੱਖਿਅਕ ਅਤੇ ਕਿਤੱਈ ਅਗਵਾਈ (Educational and Vocational Guidance):** ਅੱਜ ਦੀ ਦੁਨੀਆਂ ਬਹੁਤ ਹੀ ਗੁੰਝਲਦਾਰ ਹੈ। ਇੱਕ ਵਿਅੱਕਤੀ ਲਈ ਆਪਣੇ ਆਲੇ-ਦੁਆਲੇ ਵਿੱਚ ਆ ਰਹੀਆਂ ਅਤੇ ਜ਼ਤਰਾਰ ਤਕਨੀਕੀ ਅਤੇ ਸਮਾਜਿਕ ਤਬਦੀਲੀਆਂ ਅਨੁਸਾਰ ਆਪਣੇ ਆਪ ਨੂੰ ਢਾਲਣਾ ਬਹੁਤ ਔਖਾ ਹੋ ਗਿਆ ਹੈ। ਬੱਚੇ ਦਾ ਪਾਠਕ੍ਰਮ, ਪਾਠ-ਸਹਾਇਕ ਕ੍ਰਿਆਵਾਂ ਅਤੇ ਕਿਤੱਈ ਚੋਣ ਕਰਨ ਲਈ ਸਹਾਇਤਾ ਦੀ ਲੋੜ ਹੈ। ਸਿੱਖਿਆ ਮਨੋਵਿਗਿਆਨ, ਅਗਵਾਈ ਅਤੇ ਪਰਾਮਰਸ਼ ਰਾਹੀਂ ਅਧਿਆਪਕਾਂ ਦੀ ਮਦਦ ਕਰਦਾ ਹੈ ਤਾਂ ਜੋ ਉਹ ਆਪਣੇ ਵਿਦਿਆਰਥੀਆਂ ਦਾ ਸਹੀ ਮਾਰਗ ਦਰਸ਼ਨ ਕਰ ਸਕਣ।

9. **ਮਾਨਸਿਕ ਸਿਹਤ (Mental Health):** ਅਧਿਆਪਕ ਅਤੇ ਵਿਦਿਆਰਥੀ ਮਾਨਸਿਕ ਤੌਰ ਤੇ ਤੰਦਰੁਸਤ ਹੋਣੇ ਚਾਹੀਦੇ ਹਨ। ਮਾਨਸਿਕ ਤੌਰ ਤੇ ਸੰਤੁਲਿਤ ਅਧਿਆਪਕ ਹੀ ਬੱਚਿਆਂ ਦੀਆਂ ਸਮੱਸਿਆਵਾਂ ਦਾ ਹਲ ਕਰ ਸਕਦੇ ਹਨ।

10. **ਖੋਜ (Research):** ਸਿੱਖਿਆ ਮਨੋਵਿਗਿਆਨ ਪ੍ਰਯੋਗ ਅਤੇ ਖੋਜ ਦੇ ਆਧੁਨਿਕ ਤਰੀਕਿਆਂ ਨੂੰ ਅਪਣਾਉਂਦਾ ਹੈ। ਜਮਾਤ ਵਿਚਲੇ ਸਿੱਖਣ ਦੇ ਦੌਰਾਨ ਅਸੀਂ ਸਿੱਖਿਆਰਥੀਆਂ ਦੇ ਵਿਹਾਰ ਨੂੰ ਖੋਜ ਦੇ ਆਧਾਰ ਤੇ ਕਾਬੂ (Control) ਕਰ ਸਕਦੇ ਹਾਂ, ਦਿਸ਼ਾ ਦੇ ਸਕਦੇ ਹਾਂ ਅਤੇ ਉਹਨਾਂ ਦੇ ਭਵਿੱਖਤ ਵਿਵਹਾਰ ਬਾਰੇ ਅਨੁਮਾਨ ਵੀ ਲਗਾ ਸਕਦੇ ਹਾਂ। ਅਧਿਆਪਕ ਐਕਸ਼ਨ (action research) ਖੋਜ ਕਰਕੇ ਜਮਾਤ ਵਿਚਲੀਆਂ ਸਮੱਸਿਆਵਾਂ ਦਾ ਹਲ ਤੁਰੰਤ ਲੱਭ ਸਕਦਾ ਹੈ।

ਸਿੱਖਿਆ ਮਨੋਵਿਗਿਆਨ ਇੱਕ ਅਜਿਹਾ ਖੇਤਰ ਹੈ ਜਿਸ ਵਿੱਚ ਮਨੋਵਿਗਿਆਨਕ ਪ੍ਰਯੋਗਸ਼ਾਲਾਵਾਂ ਤੋਂ ਹਾਸਿਲ ਕੀਤੇ ਸੰਕਲਪਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਫੇਰ ਇਹ ਵੀ ਦੇਖਿਆ ਜਾਂਦਾ ਹੈ ਕਿ ਇਹ ਸੰਕਲਪ ਸਿੱਖਿਆ ਦੇ ਖੇਤਰ ਵਿੱਚ ਅਤੇ ਅਧਿਆਪਕਾਂ ਲਈ ਕਿਸ ਹੱਦ ਤੱਕ ਢੁੱਕਵੇਂ ਹਨ। ਸਿੱਖਿਆ ਮਨੋਵਿਗਿਆਨ ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਦੇ ਵੱਖ-ਵੱਖ ਖੇਤਰਾਂ ਦਾ ਅਧਿਐਨ ਕਰਦਾ ਹੈ ਜਿਵੇਂ ਕਿ -ਬੱਚੇ ਦੀ ਉਤਪਤੀ ਤੇ ਵਿਕਾਸ, ਸਿੱਖਣ ਪ੍ਰਕਿਰਿਆ, ਵਿਅੱਕਤੀਗਤ ਅਲਗਾਵ, ਸ਼ਖ਼ਸੀਅਤ, ਸਮਾਯੋਜਨ।

### 1.2.6 ਸਿੱਖਿਆ ਮਨੋਵਿਗਿਆਨ ਦੀਆਂ ਸੀਮਾਵਾਂ (Limitations of Educational Psychology)

ਸਿੱਖਿਆ ਮਨੋਵਿਗਿਆਨ ਦੇ ਸਰੂਪ ਅਤੇ ਖੇਤਰ ਨੂੰ ਨਿਰਧਾਰਤ ਕਰਨ ਦਾ ਇੱਕ ਹੋਰ ਢੰਗ ਉਸ ਦੀਆਂ ਤਰੁਟੀਆਂ ਜਾਂ ਸੀਮਾਵਾਂ ਦਾ ਅਧਿਐਨ ਕਰਨਾ ਹੈ। ਵਿੱਦਿਅਕ ਮਨੋਵਿਗਿਆਨ ਦੀਆਂ ਸੀਮਾਵਾਂ ਹੀ ਵਿਵਹਾਰਿਕ ਵਿਗਿਆਨ ਦੇ ਰੂਪ ਵਿੱਚ ਮਨੋਵਿਗਿਆਨ ਅਤੇ ਸਿੱਖਿਆ ਦੀਆਂ ਸੀਮਾਵਾਂ ਹਨ। ਇਹਨਾਂ ਸੀਮਾਵਾਂ ਦੇ ਆਧਾਰ ਤੇ ਹੀ ਅਸੀਂ ਅਨੇਕ ਕਠਨਾਈਆਂ ਦਾ ਸਾਹਮਣਾ ਕਰ ਸਕਦੇ ਹਾਂ। ਜਦੋਂ ਕਿ ਅਸੀਂ ਸਿੱਖਿਆ ਸੰਬੰਧੀ ਸਮੱਸਿਆਵਾਂ ਦਾ ਹੱਲ ਲੱਭਣ ਲਈ ਮਨੋਵਿਗਿਆਨਕ ਤੱਥਾਂ ਅਤੇ ਸਿਧਾਂਤਾਂ ਦਾ ਪ੍ਰਯੋਗ ਕਰਨ ਦਾ ਯਤਨ ਕਰਦੇ ਹਾਂ। ਇਸ ਦੀਆਂ ਕੁੱਝ ਤਰੁਟੀਆਂ ਇਸ ਪ੍ਰਕਾਰ ਹਨ:

1. **ਯਥਾਰਥ ਵਿਗਿਆਨ ਨਹੀ:** ਭੌਤਿਕ ਵਿਗਿਆਨ ਅਤੇ ਰਸਾਇਣ ਸ਼ਾਸਤਰ ਦੇ ਵਾਂਗ ਮਨੋਵਿਗਿਆਨ ਇੱਕ ਯਥਾਰਥ ਵਿਗਿਆਨ ਨਹੀਂ ਹੈ। ਇਸ ਤੋਂ ਇਲਾਵਾ ਭੌਤਿਕ ਵਿਗਿਆਨ ਦੇ ਪ੍ਰਕਰਣਾਂ (Phenomena) ਨਾਲੋਂ ਮਨੋਵਿਗਿਆਨਿਕ ਪ੍ਰਕਰਣ ਜ਼ਿਆਦਾ ਗੁੰਝਲਦਾਰ ਅਤੇ ਮੁਸ਼ਕਿਲ ਹੁੰਦੇ ਹਨ। ਮਨੋਵਿਗਿਆਨਿਕ ਪ੍ਰਕਰਣ ਜੀਵਿਤ

ਵਿਅੱਕਤੀਆਂ ਦੇ ਕੰਮ ਹਨ। ਉਹਨਾਂ ਦੇ ਸੰਬੰਧ ਵਿੱਚ ਕੋਈ ਵੀ ਪ੍ਰਯੋਗ ਕਰਨ ਤੋਂ ਪਹਿਲਾਂ ਇਹਨਾਂ ਦੀ ਰਜ਼ਾਮੰਦੀ, ਮੌਜੂਦਗੀ ਅਤੇ ਸਹਿਯੋਗ ਪ੍ਰਾਪਤ ਕਰਨਾ ਜ਼ਰੂਰੀ ਹੈ।

2. **ਮਨੋਵਿਗਿਆਨ ਦਾ ਸਰੂਪ ਅਤੇ ਸੀਮਾਵਾਂ:** ਵਿੱਦਿਅਕ ਮਨੋਵਿਗਿਆਨ ਵਿੱਚ ਉਹ ਸਾਰੀਆਂ ਤਰੁੱਟੀਆਂ ਹਨ ਜਿਹੜੀਆਂ ਵਿਗਿਆਨ ਵਿੱਚ ਹੁੰਦੀਆਂ ਹਨ। ਪਰ ਹੋਰ ਭੌਤਿਕ ਵਿਗਿਆਨਾਂ ਦੇ ਮੁਕਾਬਲੇ ਵਿੱਚ ਮਨੋਵਿਗਿਆਨ ਵਿੱਚ ਕ੍ਰਿਆਵਾਂ ਦਾ ਅਧਿਐਨ ਜ਼ਿਆਦਾ ਗੁੰਝਲਦਾਰ ਅਤੇ ਕਠੋਰ ਹੈ। ਮਨੋਵਿਗਿਆਨ ਅਜੇ ਇੱਕ ਸੰਗਠਨ ਵਿਗਿਆਨ ਨਹੀਂ ਬਣਿਆ। ਦੂਜੇ ਵਿਗਿਆਨਾਂ ਵਾਂਗ ਇਸ ਦੇ ਵੀ ਬਹੁਤ ਸਾਰੇ ਤੱਥ ਹਨ। ਪਰੰਤੂ ਇਹ ਅਜੇ ਕਿਸੇ ਇੱਕ ਸੁਚੱਜੀ ਬਣਤਰ ਵਿੱਚ ਨਹੀਂ। ਦੂਜੇ ਪਾਸੇ ਦੂਸਰੇ ਵਿਗਿਆਨਾਂ ਵਿੱਚ ਵੀ ਬਹੁਤ ਸਾਰੇ ਤੱਥ ਹਨ, ਪਰੰਤੂ ਇਹਨਾਂ ਦੀ ਵਿਆਖਿਆ ਲਈ ਨੇਮ ਸਾਪੇਖਕ ਤੌਰ ਤੇ ਘੱਟ ਹਨ। ਸਾਧਾਰਨੀਕਰਣ ਤੋਂ ਸਾਨੂੰ ਗੱਲ ਸਮਝਣ ਵਿੱਚ ਸੌਖ ਹੋ ਜਾਂਦੀ ਹੈ। ਪਰੰਤੂ ਮਨੋਵਿਗਿਆਨ ਵਿੱਚ ਇਹ ਗੱਲ ਸੰਭਵ ਨਹੀਂ। ਇਸ ਵਿੱਚ ਵਿਅੱਕਤੀਗਤ ਤੱਥ ਤਾਂ ਬਹੁਤ ਹਨ ਪਰ ਇਹਨਾਂ ਦਾ ਸਮਾਨੀਕਰਣ ਬਹੁਤ ਘੱਟ ਹੈ।

3. **ਵਿਅੱਕਤੀਗਤ ਭਿੰਨਤਾਵਾਂ ਦੀ ਸਮੱਸਿਆ:** ਵਿਅਕਤੀਗਤ ਭਿੰਨਤਾਵਾਂ ਦੀ ਸਮੱਸਿਆ ਵੀ ਦਰਪੇਸ਼ ਹੈ। ਸਿਮਰਣ-ਸ਼ਕਤੀ, ਪ੍ਰਤੱਖ ਗਿਆਨ, ਦਲੀਲ ਸ਼ਕਤੀ ਅਤੇ ਸਿੱਖਣ ਦੀ ਯੋਗਤਾ, ਸਭ ਵਿੱਚ ਬਰਾਬਰ ਨਹੀਂ ਹੁੰਦੀ। ਜਮਾਤ ਵਿੱਚ ਸਮੂਹਿਕ ਵਿਵਹਾਰ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਆਸਾਨੀ ਹੁੰਦੀ ਹੈ ਪਰ ਜਦੋਂ ਕਿਸੇ ਖਾਸ ਬੱਚੇ ਦੀਆਂ ਸਮੱਸਿਆਵਾਂ ਦਾ ਅਧਿਐਨ ਕਰਨਾ ਪੈਂਦਾ ਹੈ ਤਾਂ ਮੁਸ਼ਕਿਲ ਪੇਸ਼ ਆਉਂਦੀ ਹੈ। ਬੱਚੇ ਦੇ ਵਿਵਹਾਰ, ਪ੍ਰੇਰਣਾ ਆਦਿ ਨੂੰ ਕੇਂਦਰਿਤ ਕਰਕੇ ਪ੍ਰਯੋਗਾਤਮਕ ਵਿਧੀ ਦੁਆਰਾ ਅਧਿਐਨ ਕਰਨ ਵਿੱਚ ਜੋ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ, ਉਹਨਾਂ ਦੇ ਨਤੀਜੇ ਕੱਢੇ ਜਾਂਦੇ ਹਨ ਉਹਨਾਂ ਵਿੱਚ ਵਿਸ਼ਵਾਸ਼ ਯੋਗਤਾ (reliability) ਦੀ ਕਮੀ ਹੁੰਦੀ ਹੈ।

4. **ਪ੍ਰਯੋਗਸ਼ਾਲਾ ਦੇ ਨਤੀਜਿਆਂ ਨੂੰ ਲਾਗੂ ਕਰਨ ਵਿੱਚ ਕਠਿਨਾਈਆਂ:** ਮਨੋਵਿਗਿਆਨ ਦੇ ਸਧਾਰਨ ਸਿਧਾਂਤਾਂ ਦੇ ਨਿਰੂਪਣ ਦੇ ਲਈ ਪਸ਼ੂਆਂ ਤੇ ਵਿਦਿਆਰਥੀਆਂ ਉੱਤੇ ਤਜਰਬੇ ਕੀਤੇ ਜਾਂਦੇ ਹਨ। ਜਿੱਥੋਂ ਤੱਕ ਪਸ਼ੂਆਂ ਤੇ ਕੀਤੇ ਗਏ ਤਜਰਬਿਆਂ ਦਾ ਸੰਬੰਧ ਹੈ, ਉਹ ਮਾਨਵ-ਸਮੂਹ ਅਤੇ ਮਨੁੱਖਾਂ ਤੇ ਲਾਗੂ ਨਹੀਂ ਕੀਤੇ ਜਾ ਸਕਦੇ ਅਤੇ ਵਿਦਿਆਰਥੀਆਂ ਤੋਂ ਪ੍ਰਾਪਤ ਨਤੀਜਿਆਂ ਦਾ ਅਭਾਵ ਹੀ ਰਹਿੰਦਾ ਹੈ।

5. **ਵਿਰੋਧੀ ਵਿਆਖਿਆਵਾਂ:** ਵਿੱਦਿਅਕ ਮਨੋਵਿਗਿਆਨ ਦੀ ਇੱਕ ਹੋਰ ਕਠਿਨਾਈ ਇਹ ਹੈ ਕਿ ਵਿਰੋਧੀ ਸਕੂਲ ਦੀਆਂ ਵਿਰੋਧੀ ਵਿਆਖਿਆਵਾਂ ਕਾਫ਼ੀ ਗੜਬੜ ਦਾ ਕਾਰਨ ਬਣ ਸਕਦੀਆਂ ਹਨ।

6. **ਪੜ੍ਹਾਈ ਦੇ ਸਰੂਪ ਤੋਂ ਪੈਦਾ ਹੋਣ ਵਾਲੀਆਂ ਕਠਨਾਈਆਂ:** ਸਟੀਫ਼ਨ (Stephen) ਨੇ ਆਪਣੀ ਪੁਸਤਕ ਵਿੱਚ ਵਿਦਿਅਕ ਮਨੋਵਿਗਿਆਨ ਦੀਆਂ ਇਹ ਕਠਨਾਈਆਂ ਦੱਸੀਆਂ ਹਨ:

   1. ਪੜ੍ਹਾਈ ਦੇ ਸਰੂਪ ਤੋਂ ਪੈਦਾ ਹੋਣ ਵਾਲੀਆਂ ਸੰਭਾਵਿਤ ਕਠਨਾਈਆਂ।
   2. ਵਿਗਿਆਨ ਦੇ ਸਰੂਪ ਤੋਂ ਪੈਦਾ ਹੋਣ ਵਾਲੀਆਂ ਸੰਭਾਵਿਤ ਕਠਨਾਈਆਂ।
   3. ਮਨੋਵਿਗਿਆਨ ਦੇ ਸਰੂਪ ਤੋਂ ਪੈਦਾ ਹੋਣ ਵਾਲੀਆਂ ਸੰਭਾਵਿਤ ਕਠਨਾਈਆਂ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿੱਚ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਮਨੋਵਿਗਿਆਨ ਦੇ ਸਿਧਾਂਤਾਂ ਨੂੰ ਸਿੱਖਿਆ ਉੱਤੇ ਲਾਗੂ ਕਰਨਾ ਮੁਸ਼ਕਲ ਕੰਮ ਹੈ।

### 1.2.7 ਸਾਰ (Summary) :

ਸਿੱਖਿਆ ਮਨੋਵਿਗਿਆਨ ਦਾ ਗਿਆਨ ਅਧਿਆਪਕ ਨੂੰ ਸਿੱਖਣ ਪ੍ਰਕ੍ਰਿਆ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਤੇ ਉਹਨਾਂ ਦੇ ਸਮਾਧਾਨਾਂ ਤੋਂ ਭਲੀ-ਭਾਂਤੀ ਜਾਣੂ ਕਰਵਾਉਂਦਾ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕ ਨੂੰ ਸਿਖਾਉਣ ਦੇ ਵੱਖ-ਵੱਖ ਤਰੀਕਿਆਂ ਤੋਂ ਵਾਕਿਫ਼ ਕਰਵਾਉਂਦਾ ਹੈ ਅਤੇ ਆਪਣੇ ਦੁਆਰਾ ਦਿੱਤੀ ਗਈ ਸਿੱਖਿਆ ਦੇ ਨਤੀਜਿਆਂ ਨੂੰ ਮਾਪਣ ਵਿੱਚ ਮਦਦ ਕਰਦਾ ਹੈ। ਪਾਠ-ਕ੍ਰਮ ਬਣਾਉਣ ਵਾਲਿਆਂ ਲਈ ਵੀ ਸਿੱਖਿਆ ਮਨੋਵਿਗਿਆਨ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਅਧਿਆਪਨ ਦੌਰਾਨ ਦ੍ਰਿਸ਼ਟੀ-ਸ੍ਰੋਤ ਸਹਾਇਕ ਸਾਧਨਾਂ ਦੀ ਵਰਤੋਂ ਸਿੱਖਣ ਨੂੰ ਆਸਾਨ, ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕਾਂ ਨੂੰ ਖੋਜ (Research) ਕਰਨ ਵਿੱਚ ਅਤੇ ਨਵੀਆਂ ਵਿਧੀਆਂ ਦੀ ਵਰਤੋਂ ਕਰਨ ਵਿੱਚ ਮਦਦ ਕਰਦਾ ਹੈ। ਅੰਤ ਵਿੱਚ ਸਿੱਖਿਆ ਮਨੋਵਿਗਿਆਨ ਅਧਿਆਪਕ ਨੂੰ ਆਪਦੀ ਮਾਨਸਿਕ ਸਿਹਤ ਸੁਧਾਰਨ ਵਿੱਚ ਸਹਾਇਕ ਹੁੰਦਾ ਹੈ। ਅਧਿਆਪਕ ਦਾ ਰਵੱਈਆ ਆਪਣੇ ਵਿਦਿਆਰਥੀਆਂ ਪ੍ਰਤੀ ਸਹਾਨਭੂਤੀ ਪੂਰਵਕ ਹੋਣਾ ਚਾਹੀਦਾ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਸਦਾਚਾਰ ਬਾਰੇ ਗਿਆਨ ਪ੍ਰਾਪਤ ਕਰਨ ਵਿੱਚ ਸਹਾਈ ਹੁੰਦਾ ਹੈ।

### 1.2.8 ਸ਼ਬਦਾਵਲੀ (Key Concepts)

1. ਸਿੱਖਿਆਥੀ –ਸਿੱਖਣ ਵਾਲਾ ਜਾਂ ਵਿਦਿਆਰਥੀ
2. ਸਿੱਖਣ ਪ੍ਰਕ੍ਰਿਆ – ਉਹ ਪ੍ਰਕ੍ਰਿਆ ਜਿਸ ਦੁਆਰਾ ਸਿੱਖਿਆਰਥੀ ਆਪਣੀ ਯੋਗਤਾ ਅਨੁਸਾਰ ਸਿੱਖਦਾ ਹੈ। ਜਿਸ ਤਰ੍ਹਾਂ ਚੰਗੀਆਂ ਅਧਿਆਪਨ ਵਿਧੀਆਂ ਅਤੇ ਚੰਗੀਆਂ ਸਿੱਖਣ ਵਿਧੀਆਂ।
3. ਸਿੱਖਣ ਅਵੱਸਥਾ – ਜੋ ਅਵੱਸਥਾ ਸਿੱਖਿਆਰਥੀ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਜਿਸ ਵਿੱਚ ਉਹ ਸਿੱਖਦਾ ਹੈ ਅਤੇ ਜੋ ਸਥਿਤੀ ਸਿੱਖਣ ਵਿੱਚ ਸਹਾਈ ਹੁੰਦੀ ਹੈ –ਜਿਸ ਤਿਰ੍ਹਾਂ ਸਕੂਲ ਦਾ ਚੰਗਾ ਮਾਹੌਲ, ਚੰਗੇ ਅਧਿਆਪਕ ਅਤੇ ਅਨੁਸ਼ਾਸਨ ਆਦਿ।
4. ਵਸਤੂਨਿਸ਼ਠਤਾ – ਨਿਰਪੱਖਤਾ, ਵਾਸਤਵਿਕਤਾ

### 1.2.9 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ (Suggested Books and web sources)

| | |
|---|---|
| 1. ਬੀ.ਡੀ. ਭਾਟੀਆ ਅਤੇ ਆਰ.ਐਨ. ਸਫਾਇਆ: | ਐਜੂਕੇਸ਼ਨਲ ਸਾਈਕਾਲੋਜੀ ਐਂਡ ਗਾਈਡੈਂਸ –ਧਨਪਤ ਰਾਏ ਐਂਡ ਸੰਨਜ਼, ਜਲੰਧਰ |
| 2. ਜੇ.ਐਸ. ਵਾਲੀਆ | ਐਜੂਕੇਸ਼ਨਲ ਸਾਈਕਾਲੋਜੀ –ਪਾਲ ਪਬਲਿਸ਼ਰਜ਼, ਜਲੰਧਰ |
| 3. ਐਸ.ਐਸ. ਮਾਥੁਰ | ਐਜੂਕੇਸ਼ਨਲ ਸਾਈਕਾਲੋਜੀ –ਵਿਨੋਦ ਪੁਸਤਕ ਮੰਦਰ, ਆਗਰਾ |
| 4. ਡਾ. ਮਨੀਸ਼ ਕੁਮਾਰ ਅਤੇ ਡਾ. ਮਨਜੀਤ ਕੌਰ | ਸਿੱਖਿਆ ਮਨੋਵਿਗਿਆਨ |
| 5. ਟੀ.ਆਰ. ਸ਼ਰਮਾ | ਮਨੋਵਿਗਿਆਨ, ਲਾਹੌਰ ਬੁੱਕ ਸ਼ਾਪ ਲੁਧਿਆਣਾ |
| 6. ਆਗਿਆਜੀਤ ਸਿੰਘ | ਵਿਦਿਅਕ ਮਨੋਵਿਗਿਆਨ |

**Web Sources**

1. en.wikipedia.org
2. books.google.co.in
3. www.wiziq.com.

### 1.2.10 ਸਵੈ ਮੁਲਾਂਕਣ ਅਭਿਆਸ (Self-Check exercise)

ਖਾਲੀ ਥਾਵਾਂ ਭਰੋ:

1. ਸਿੱਖਿਆ ਮਨੋਵਿਗਿਆਨ ਦੋ ਸ਼ਬਦਾਂ ............ ਅਤੇ ........... ਦੇ ਸੁਮੇਲ ਤੋਂ ਬਣਿਆ ਹੈ।
2. ਸਿੱਖਿਆ ਮਨੋਵਿਗਿਆਨ ਕਿਸੇ ਸੰਸਥਾ, ਅਨੁਮਾਨਿਤ ਵਿਚਾਰ ਜਾਂ ਵਿਸ਼ਵਾਸ਼ ਉੱਪਰ ਆਸ਼੍ਰਿਤ ਨਹੀਂ ਹੈ, ਇਹ ................... ਅਤੇ ........................ ਹੈ।
3. ਸਿੱਖਿਆ ਮਨੋਵਿਗਿਆਨ ਦੀ ਪ੍ਰਵੇਸ਼ (Approach) ........................ ਹੈ।
4. ਸਿੱਖਿਆ ਮਨੋਵਿਗਿਆਨ ਦੇ ਸਿਧਾਂਤ ......................... ਅਤੇ ................ ਹਨ।
5. ਲਿੰਡਗਰੈਨ ਨੇ ਸਿੱਖਿਅਕ ਮਨੋਵਿਗਿਆਨ ਦੇ ਤਿੰਨ ਪਹਿਲੂ ਦਿੱਤੇ ਹਨ (1) .................. (2) ........................... (3) ......................... ।
6. ਮਨੋਵਿਗਿਆਨ ਰਸਾਇਣ ਸ਼ਾਸਤਰ ਅਤੇ ਭੌਤਿਕ ਵਿਗਿਆਨ ਵਾਂਗ ..................... ਵਿਗਿਆਨ ਨਹੀਂ ਹੈ।

**ਉੱਤਰ:** (1) ਸਿੱਖਿਆ, ਮਨੋਵਿਗਿਆਨ (2) ਪ੍ਰਯੋਗਸਿੱਧ, ਵਾਸਤਵਿਕ (3) ਵਸਤੂਨਿਸ਼ਠ (4) ਸਰਵਲੌਕਿਕ, ਪ੍ਰਮਾਣਿਕ (5) ਸਿੱਖਿਆਰਥੀ, ਸਿੱਖਣ ਪ੍ਰਕਿਰਿਆ ਅਤੇ ਸਿੱਖਣ ਅਵਸਥਾ (6) ਯਥਾਰਥ

**ਪਾਠ ਨੰ.: 1.3** **ਲੇਖਿਕਾ: ਸ਼੍ਰੀਮਤੀ ਅਮਿਤਾ ਕਾਯਸਥਾ**

**ਬਣਤਰ**

**1.3.1 ਉਦੇਸ਼**
**1.3.2 ਭੂਮਿਕਾ**
**1.3.3 ਸ਼ਿਸ਼ੂਕਾਲ**
**1.3.3.1 ਸ਼ਿਸ਼ੂਕਾਲ ਵਿੱਚ ਸਰੀਰਕ ਵਿਕਾਸ**
**1.3.3.2 ਸ਼ਿਸ਼ੂਕਾਲ ਵਿੱਚ ਮਾਨਸਿਕ ਵਿਕਾਸ**
**1.3.3.3 ਸ਼ਿਸ਼ੂਕਾਲ ਵਿੱਚ ਭਾਵਨਾਤਮਕ ਵਿਕਾਸ**
**1.3.3.4 ਸ਼ਿਸ਼ੂਕਾਲ ਵਿੱਚ ਸਮਾਜਿਕ ਵਿਕਾਸ**
**1.3.3.5 ਸ਼ਿਸ਼ੂਕਾਲ ਵਿੱਚ ਸਿੱਖਿਆ**
**1.3.4 ਬਚਪਨਕਾਲ**
**1.3.4.1 ਬਚਪਨਕਾਲ ਵਿੱਚ ਸਰੀਰਕ ਵਿਕਾਸ**
**1.3.4.2 ਬਚਪਨਕਾਲ ਵਿੱਚ ਮਾਨਸਿਕ ਵਿਕਾਸ**
**1.3.4.3 ਬਚਪਨਕਾਲ ਵਿੱਚ ਭਾਵਨਾਤਮਕ ਵਿਕਾਸ**
**1.3.4.4 ਬਚਪਨਕਾਲ ਵਿੱਚ ਸਮਾਜਿਕ ਵਿਕਾਸ**
**1.3.4.5 ਬਚਪਨਕਾਲ ਵਿੱਚ ਸਿੱਖਿਆ**
**1.3.5 ਕਿਸ਼ੋਰ ਅਵਸਥਾ**
**1.3.5.1 ਕਿਸ਼ੋਰ ਅਵਸਥਾ ਵਿੱਚ ਸਰੀਰਕ ਵਿਕਾਸ**
**1.3.5.2 ਕਿਸ਼ੋਰ ਅਵਸਥਾ ਵਿੱਚ ਮਾਨਸਿਕ ਵਿਕਾਸ**
**1.3.5.3 ਕਿਸ਼ੋਰ ਅਵਸਥਾ ਵਿੱਚ ਭਾਵਨਾਤਮਕ ਵਿਕਾਸ**
**1.3.5.4 ਕਿਸ਼ੋਰ ਅਵਸਥਾ ਵਿੱਚ ਸਮਾਜਿਕ ਵਿਕਾਸ**
**1.3.5.5 ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ**
**1.3.5.6 ਕਿਸ਼ੋਰਾਂ ਲਈ ਸਿੱਖਿਆ**
**1.3.6 ਸਾਰਾਂਸ਼**
**1.3.7 ਸ਼ਬਦਾਵਲੀ**
**1.3.8 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ**
**1.3.9 ਸ੍ਵੈ-ਮੁਲਾਂਕਣ ਅਭਿਆਸ**

## 1.3.1 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਮਨੁੱਖੀ ਵਿਕਾਸ ਦੇ ਵੱਖ-ਵੱਖ ਪੱਖਾਂ ਤੋਂ ਜਾਣੂ ਹੋਣਗੇ:

1. ਵਿਦਿਆਰਥੀ ਸ਼ਿਸ਼ੁਕਾਲ ਵਿੱਚ ਹੋਣ ਵਾਲੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਤੋਂ ਜਾਣੂ ਹੋਣਗੇ।
2. ਵਿਦਿਆਰਥੀ ਬਚਪਨਕਾਲ ਵਿੱਚ ਹੋਣ ਵਾਲੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਤੋਂ ਜਾਣੂ ਹੋਣਗੇ।

3. ਵਿਦਿਆਰਥੀ ਕਿਸ਼ੋਰ ਅਵਸਥਾ ਵਿੱਚ ਹੋਣ ਵਾਲੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਤੋਂ ਜਾਣੂ ਹੋਣਗੇ।
4. ਸ਼ਿਸ਼ੁਕਾਲ, ਬਚਪਨਕਾਲ, ਅਤੇ ਕਿਸ਼ੋਰ ਅਵਸਥਾ ਵਿੱਚ ਹੋਣ ਵਾਲੇ ਮਨੁੱਖੀ ਵਿਕਾਸ ਦੀ ਵਿਦਿਅਕ ਮਹਤੱਤਾ ਤੋਂ ਜਾਣੂ ਹੋਣਗੇ।
5. ਕਿਸ਼ੋਰ ਅਵਸਥਾ ਵਿੱਚ ਆਉਣ ਵਾਲੀਆਂ ਵੱਖ-ਵੱਖ ਸਮੱਸਿਆਵਾਂ ਤੋਂ ਜਾਣੂ ਹੋਣਗੇ।
6. ਮਨੁੱਖੀ ਵਿਕਾਸ ਦੇ ਪੜਾਵਾਂ ਦੇ ਵੱਖ-ਵੱਖ ਪੱਖਾਂ ਤੋਂ ਜਾਣੂ ਹੋ ਕੇ ਆਪਣੇ ਅਧਿਆਪਨ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਦਾ ਯਤਨ ਕਰਨਗੇ।

### 1.3.2 ਭੂਮਿਕਾ (Introduction)

ਸਿਖਿਆਰਥੀ ਦਾ ਸੁਭਾਅ ਮਨੁੱਖੀ ਯੋਗਤਾਵਾਂ ਤੇ ਨਿਰਭਰ ਕਰਦਾ ਹੈ। ਮਨੁੱਖੀ ਯੋਗਤਾਵਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ ਕਿ ਸਿਆਣਪ, ਤੀਖਣ ਸੂਝ ਜਾਂ ਬੁੱਧੀ, ਯਾਦ ਸ਼ਕਤੀ, ਧਿਆਨ, ਦਲੀਲ ਸ਼ਕਤੀ, ਨਿਰਣਾ ਸ਼ਕਤੀ, ਰਚਨਾਤਮਕ ਸ਼ਕਤੀ ਅਤੇ ਭਾਵਾਤਮਕ ਪ੍ਰਪਕਤਾ ਆਦਿ ਹਨ। ਇਹ ਸਾਰੀਆਂ ਯੋਗਤਾਵਾਂ ਇੱਕ ਸਿੱਖਿਆਰਥੀ ਨੂੰ ਪੜ੍ਹਣ ਲਿੱਖਣ ਜਾਂ ਸਿੱਖਿਆ ਪ੍ਰਾਪਤ ਕਰਨ ਦੇ ਕੰਮ ਵਿੱਚ ਸਹਾਇਤਾ ਕਰਦੀਆਂ ਹਨ। ਇਹ ਕੋਈ ਜ਼ਰੂਰੀ ਨਹੀਂ ਕਿ ਇੱਕ ਸਿੱਖਿਆਰਥੀ ਵਿੱਚ ਇਹ ਸਾਰੀਆਂ ਯੋਗਤਾਵਾਂ ਮੌਜੂਦ ਹੋਣ, ਪਰ ਇਨ੍ਹਾਂ ਵਿੱਚੋਂ ਜਿੰਨੀਆਂ ਵਧੇਰੇ ਯੋਗਤਾਵਾਂ ਮੌਜੂਦ ਹੋਣਗੀਆਂ, ਸਿਖਿਆਰਥੀ ਵਧੇਰੇ ਚੰਗੀ ਤਰ੍ਹਾਂ ਸਿੱਖ ਸਕੇਗਾ। ਕਈ ਵਾਰੀ ਇਹ ਵੀ ਹੁੰਦਾ ਹੈ ਕਿ ਕਿਸੇ ਵਿਦਿਆਰਥੀ ਜਾਂ ਸਿੱਖਿਆਰਥੀ ਵਿੱਚ ਕੁਝ ਯੋਗਤਾਵਾਂ ਥੋੜ੍ਹੀ ਮਾਤਰਾ ਵਿੱਚ ਹੁੰਦੀਆਂ ਹਨ, ਪਰ ਇੱਕ ਵਿਸ਼ੇਸ਼ ਯੋਗਤਾ ਵਧੇਰੇ ਮਾਤਰਾ ਵਿੱਚ ਹੁੰਦੀ ਹੈ। ਉਹ ਆਪਣੀ ਵਿਸ਼ੇਸ਼ ਯੋਗਤਾ ਨਾਲ ਸੰਬੰਧ ਰੱਖਣ ਵਾਲੀ ਸਿੱਖਿਆ ਨੂੰ ਛੇਤੀ ਅਤੇ ਸੋਖੀ ਤਰ੍ਹਾਂ ਹੀ ਪ੍ਰਾਪਤ ਕਰ ਸਕਦਾ ਹੈ। ਉਦਾਹਰਣ ਵਜੋਂ ਜਿਸ ਵਿਅਕਤੀ ਜਾਂ ਸਿੱਖਿਆਰਥੀ ਵਿੱਚ ਰਚਨਾਤਮਕ ਸ਼ਕਤੀ ਵਧੇਰੇ ਹੈ ਉਹ ਸਾਹਿਤ ਨੂੰ ਸਮਝਣ ਅਤੇ ਸਾਹਿਤਕ ਰਚਨਾ ਕਰਨ ਵਿੱਚ ਛੇਤੀ ਸਫ਼ਲ ਹੋ ਕੇ ਵਿਖਾ ਸਕਦਾ ਹੈ। ਪਰ ਇਸ ਦੇ ਉਲਟ ਜਿਸ ਵਿਅਕਤੀ ਵਿੱਚ ਹੁਨਰ ਵਾਲੀ ਸ਼ਕਤੀ ਵਧੇਰੇ ਹੈ ਉਹ ਕਿਸੇ ਹੁਨਰ ਨੂੰ ਸਿੱਖਣ ਵਿੱਚ ਛੇਤੀ ਸਫ਼ਲ ਹੋ ਕੇ ਵਿਖਾ ਸਕਦਾ ਹੈ। ਇਸ ਲਈ ਕਿਸੇ ਸਿੱਖਿਆਰਥੀ ਦਾ ਸੁਭਾਅ ਉਸ ਦੀਆਂ ਯੋਗਤਾਵਾਂ 'ਤੇ ਨਿਰਭਰ ਕਰਦਾ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਯੋਗਤਾਵਾਂ ਉਸ ਦੀ ਸਿੱਖਣ ਸ਼ਕਤੀ ਤੇ ਪ੍ਰਭਾਵ ਪਾਉਂਦੀਆਂ ਹਨ।

ਸਿੱਖਿਆਰਥੀ ਦਾ ਵਿਕਾਸ ਉਸਦੀਆਂ ਅੰਦਰੂਨੀ ਅਤੇ ਬਾਹਰਲੀਆਂ ਸ਼ਕਤੀਆਂ ਤੇ ਨਿਰਭਰ ਕਰਦਾ ਹੈ। ਸਿਖਾਂਦਰੂ ਦਾ ਵਿਕਾਸ ਉਸਦੀਆਂ ਵੱਖ-ਵੱਖ ਉਮਰ ਵਿੱਚ ਆਉਣ ਵਾਲੀਆਂ ਤਬਦੀਲੀਆਂ ਨਾਲ ਸੰਬੰਧਿਤ ਹੁੰਦਾ ਹੈ।

**ਸ਼ੈਲੇ** (Shelly) ਦੇ ਅਨੁਸਾਰ ਵਿਕਾਸ ਦੇ ਵੱਖ-ਵੱਖ ਪੱਧਰ ਹੇਠ ਲਿਖੇ ਹਨ:

(ੳ) ਸ਼ਿਸ਼ੁਕਾਲ (Infancy Period) ................................ 3 ਸਾਲ ਤੱਕ

(ਅ) ਬਚਪਨ (Childhood) ................................ 3 ਸਾਲ ਤੋਂ 12 ਸਾਲ ਤੱਕ

(ੲ) ਕਿਸ਼ੋਰ ਅਵਸਥਾ (Adolescence) ................................ 12 ਸਾਲ ਤੋਂ 18 ਸਾਲ ਤੱਕ

ਸਿੱਖਿਆਰਥੀ ਦਾ ਇਨ੍ਹਾਂ ਚਾਰ ਪੱਧਰਾਂ ਤੇ ਵੱਖ-ਵੱਖ ਸਰੀਰਕ, ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਵਿਕਾਸ ਭਿੰਨ-ਭਿੰਨ ਪ੍ਰਕਾਰ ਦਾ ਹੁੰਦਾ ਹੈ। ਸਿੱਖਿਆਰਥੀ ਦੇ ਇਨ੍ਹਾਂ ਪੱਧਰਾਂ ਬਾਰੇ ਚਰਚਾ ਅੱਗੇ ਕੀਤੀ ਜਾ ਰਹੀ ਹੈ।

### 1.3.3 ਸ਼ਿਸ਼ੂਕਾਲ (Infancy)

ਇਹ ਉਹ ਅਵਸਥਾ ਹੈ ਜਦੋਂ ਬੱਚਾ ਆਪਣੇ ਆਪ ਬੈਠਣਾ, ਉੱਠਣਾ, ਅਤੇ ਤੁਰਨਾ ਸਿੱਖਦਾ ਹੈ। ਸਰੀਰਕ, ਮਾਨਸਿਕ, ਅਤੇ ਭਾਵਨਾਤਮਕ ਵਿਕਾਸ ਦੀ ਨੀਂਹ ਇਸੇ ਸਮੇਂ ਵਿੱਚ ਹੀ ਰੱਖੀ ਜਾਂਦੀ ਹੈ। ਫਰੀਡ (Freud) ਅਨੁਸਾਰ, "ਤਿੰਨ ਸਾਲ ਤੱਕ ਬੱਚਾ ਉਹ ਕੁੱਝ ਬਣ ਜਾਂਦਾ ਹੈ ਜੋ ਉਸਨੇ ਭਵਿੱਖ ਵਿੱਚ ਬਣਨਾ ਹੁੰਦਾ ਹੈ।" ਐਲਡਰ (Alder) ਅਨੁਸਾਰ, "ਸ਼ਿਸ਼ੂਕਾਲ ਜੀਵਨ ਢੰਗ ਲਈ ਤਿਆਰ ਕਰਦਾ ਹੈ। ਇਹ ਬੱਚੇ ਦੀ ਸਮੁੱਚੀ ਜ਼ਿੰਦਗੀ ਦੀ ਨੀਂਹ ਰੱਖਦਾ ਹੈ।" ਇਹ ਕਿਹਾ ਜਾ ਸਕਦਾ ਹੈ ਕਿ ਸ਼ਿਸ਼ੁਕਾਲ ਬੱਚੇ ਦੇ ਜੀਵਨ ਵਿੱਚ ਮਹਾਨ ਸਥਾਨ ਰੱਖਦਾ ਹੈ।

#### 1.3.3.1 ਸ਼ਿਸ਼ੂਕਾਲ ਵਿੱਚ ਸਰੀਰਕ ਵਿਕਾਸ (Physical development in infancy)

ਸਿਖਾਂਦਰੂ ਦੇ ਸ਼ਿਸ਼ੂ ਕਾਲ ਵਿੱਚ ਸਰੀਰਕ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ।

1. **ਕੱਦ ਅਤੇ ਭਾਰ** (Height and Weight): ਇਸ ਅਵਸਥਾ ਵਿੱਚ ਕੱਦ ਅਤੇ ਭਾਰ ਬਹੁਤ ਤੇਜ਼ੀ ਨਾਲ ਵੱਧਦੇ ਹਨ।ਨਵਜਾਤ ਬੱਚੇ ਦਾ ਔਸਤ ਭਾਰ 7 ਪੌਂਡ ਹੁੰਦਾ ਹੈ। ਪਰ ਕਈ ਵਾਰ ਭੋਜਨ, ਜੱਦ, ਵਾਤਾਵਰਣ,ਕੁਲ, ਜਨਮ ਕ੍ਰਮ, ਆਰਥਿਕ ਪੱਧਰ ਆਦਿ ਦੇ ਕਾਰਨ ਇਹ ਭਾਰ 3-15 ਪੌਂਡ ਤੱਕ ਹੁੰਦਾ ਹੈ।ਜਨਮ ਸਮੇਂ ਲੜਕੀਆਂ ਲੜਕਿਆਂ ਨਾਲੋਂ ਹਲਕੀਆਂ ਹੁੰਦੀਆਂ ਹਨ।4-5 ਮਹੀਨਿਆਂ ਵਿਚ ਬੱਚੇ ਦਾ ਭਾਰ 14-15 ਪੌਂਡ ਦਾ ਹੋ ਜਾਂਦਾ ਹੈ। ਇਕ ਸਾਲ ਦੀ ਉਮਰ ਪੂਰੀ ਕਰਦਿਆਂ ਕਰਦਿਆਂ ਭਾਰ 21 ਪੌਂਡ ਤੇ 2 ਸਾਲ ਦੀ ਉਮਰ ਤੱਕ 25 ਪੌਂਡ ਹੋ ਜਾਂਦਾ ਹੈ।

2. **ਅਨੁਪਾਤ ਵਿੱਚ ਪਰਿਵਰਤਨ** (Change in Ratio): ਬੱਚੇ ਦੇ ਅਨੁਪਾਤ ਵਿੱਚ ਤਬਦੀਲੀ ਨਜ਼ਰ ਆਉਂਦੀ ਹੈ। ਸਰੀਰ ਦੇ ਵੱਖ-ਵੱਖ ਅੰਗ ਜਿਵੇਂ ਸਿਰ, ਧੜ੍ਹ ਆਦਿ ਖਾਸ ਅਨੁਪਾਤ ਵਿੱਚ ਆਕਾਰ ਧਾਰਨ ਕਰਦੇ ਹਨ। ਸਿਰ ਜੋ ਜਨਮ ਸਮੇਂ ਵੱਡਾ ਦਿਸਦਾ ਹੈ, ਲੱਤਾਂ ਅਤੇ ਧੜ੍ਹ ਲੰਮਾ ਹੋ ਜਾਣ ਨਾਲ ਹੁਣ ਛੋਟਾ ਦਿਸਦਾ ਹੈ। ਬੱਚੇ ਦੇ ਹੱਥ, ਪੈਰ ਅਤੇ ਜਬਾੜੇ ਵੀ ਵੱਧਦੇ ਹਨ।

3. **ਹੱਡੀਆਂ ਅਤੇ ਪੱਠੇ** (Bones and Muscles): ਹੱਡੀਆਂ ਅਤੇ ਪੱਠਿਆਂ ਵਿੱਚ ਵਿਕਾਸ ਹੁੰਦਾ ਹੈ। ਹੱਡੀਆਂ ਅਤੇ ਪੱਠਿਆਂ ਦਾ ਵਾਧਾ ਅਤੇ ਵਿਕਾਸ ਦਿੱਸਣ ਲੱਗ ਪੈਂਦਾ ਹੈ। ਬੱਚੇ ਦੀਆਂ ਉਂਗਲੀਆਂ ਲੰਬੀਆਂ ਹੁੰਦੀਆਂ ਹਨ ਅਤੇ ਉਹ ਉਂਗਲੀਆਂ ਨੂੰ ਚੀਜ਼ਾਂ ਫੜਨ ਲਈ ਵਰਤਣਾ ਸ਼ੁਰੂ ਕਰ ਦਿੰਦਾ ਹੈ। ਲੱਤਾਂ ਲੰਬੀਆਂ ਹੁੰਦੀਆਂ ਹਨ ਅਤੇ ਉਹ ਬੈਠਣ, ਖੜੇ ਹੋਣ ਅਤੇ ਦੌੜਨ ਲੱਗ ਪੈਂਦਾ ਹੈ।

4. **ਦੰਦ** (Teeth): ਸਾਧਾਰਨ ਤੌਰ ਤੇ ਬੱਚੇ ਦਾ ਪਹਿਲਾ ਦੰਦ 6 ਮਹੀਨੇ ਦੀ ਉਮਰ ਵਿੱਚ ਨਿਕਲਦਾ ਹੈ। ਇੱਕ ਸਾਲ ਦੀ ਉਮਰ ਤੱਕ 4 ਦੰਦ ਕੱਢ ਲੈਂਦਾ ਹੈ। ਸ਼ਿਸ਼ੂ ਕਾਲ ਖਤਮ ਹੋਣ ਤੱਕ ਉਹ 16 ਤੋਂ 20 ਦੰਦ ਕੱਢ ਲੈਂਦਾ ਹੈ।

5. **ਨਾੜੀ ਸੰਸਥਾਨਡ** (Nervous System): ਸਿ਼ਸੂਕਾਲ ਵਿੱਚ ਸ਼ਿਸ਼ੂ ਦਾ ਨਾੜੀ ਸੰਸਥਾਨ ਤੇਜ਼ੀ ਨਾਲ ਵੱਧਦਾ ਹੈ। ਦਿਮਾਗ਼ ਵੀ ਤੀਬਰਤਾ ਨਾਲ ਵੱਧਦਾ ਹੈ। ਗਿਆਨ ਇੰਦਰੀਆਂ ਦੀ ਬਨਾਵਟ ਅਤੇ ਕੰਮ ਵਿੱਚ ਤੀਬਰ ਸੁਧਾਰ ਆ ਜਾਂਦਾ ਹੈ। ਇਸ ਕਾਲ ਦੇ ਖਾਤਮੇ ਤੱਕ ਬੱਚਾ ਦੇਖਣ, ਸੁਣਨ, ਚੱਖਣ, ਸੁੰਘਣ ਦੇ ਕੰਮ ਕਰਨ ਦੇ ਯੋਗ ਹੋ ਜਾਂਦਾ ਹੈ। ਇਸ ਕਾਲ ਵਿੱਚ ਗ੍ਰੰਥੀਆਂ ਜਾਂ ਗਿਲਟੀਆਂ ਠੀਕ ਤਰ੍ਹਾਂ ਕੰਮ ਕਰਨ ਲੱਗ ਜਾਂਦੀਆਂ ਹਨ।

6. **ਪਾਚਨ ਪ੍ਰਕ੍ਰਿਆ** (Digestive System): ਇਸ ਕਾਲ ਵਿੱਚ ਬੱਚੇ ਦਾ ਪਾਚਨ ਅੰਗ ਬਹੁਤ ਨਾਜ਼ੁਕ ਹੁੰਦੇ ਹਨ ਅਤੇ ਉਨ੍ਹਾਂ ਵੱਲ ਠੀਕ ਤਰ੍ਹਾਂ ਧਿਆਨ ਨਾ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਸਿਹਤ ਖਰਾਬ ਹੋਣ ਦਾ ਡਰ ਰਹਿੰਦਾ ਹੈ।

**1.3.3.2 ਸ਼ਿਸ਼ੂਕਾਲ ਵਿੱਚ ਮਾਨਸਿਕ ਵਿਕਾਸ (Mental development in Infancy)**

ਮਾਨਸਿਕ ਵਿਕਾਸ ਅਤੇ ਸਰੀਰਕ ਵਿਕਾਸ ਦਾ ਆਪਸ ਵਿੱਚ ਸੰਬੰਧ ਹੁੰਦਾ ਹੈ। ਮਾਨਸਿਕ ਵਿਕਾਸ ਦਾ ਦਿਮਾਗ ਬਣਤਰ ਨਾਲ ਵਿਸ਼ੇਸ਼ ਸੰਬੰਧ ਹੈ। ਸ਼ਿਸ਼ੂ ਅਵਸਥਾ ਮਾਨਸਿਕ ਵਿਕਾਸ ਦੀ ਅਵਸਥਾ ਹੈ। ਸਿੱਖਿਆਰਥੀ ਲਈ ਤਜਰਬੇ ਹੋ ਜਾਂਦੇ ਹਨ ਜਿਸ ਕਰਕੇ ਮਾਨਸਿਕ ਦ੍ਰਿਸ਼ਟੀਕੋਣ ਵਿਸ਼ਾਲ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਵਿਕਾਸ ਹੇਠ ਲਿਖੇ ਅਨੁਸਾਰ ਹੁੰਦਾ ਹੈ:

1. **ਭਾਸ਼ਾ ਦਾ ਵਿਕਾਸ** (Deveplopment of Language) :

ਜਨਮ ਵੇਲੇ ਬੱਚਾ ਕੇਵਲ ਰੋ ਸਕਦਾ ਹੈ ਅਤੇ ਇਸ ਤਰ੍ਹਾਂ ਆਪਣੀ ਖੁਸ਼ੀ ਅਤੇ ਦੁੱਖ ਪ੍ਰਗਟ ਕਰਦਾ ਹੈ। 6 ਮਹੀਨੇ ਦੀ ਉਮਰ ਤੱਕ ਰੋਂਦਾ ਹੈ ਅਤੇ ਕੁਝ ਨਵੀਆਂ ਪ੍ਰਸਥਿਤੀਆਂ ਦੀ ਪਛਾਣ ਕਰਨ ਲੱਗ ਪੈਂਦਾ ਹੈ। ਪਹਿਲੇ ਸਾਲ ਤੱਕ ਉਹ ਕੁੱਝ ਸ਼ਬਦ ਪਾ, ਮਾ, ਬਾ, ਆ, ਬਾ ਬਾ, ਮਾ ਮਾ, ਪਾ ਪਾ, ਆਦਿ ਉਚਾਰਣ ਦੀ ਕੋਸ਼ਿਸ਼ ਕਰਦਾ ਹੈ। ਪ੍ਰੋ. ਸਕਿਨਰ ਦਾ ਵਿਚਾਰ ਹੈ ਕਿ, "ਇੱਕ ਸਾਲ ਦੀ ਉਮਰ ਦਾ ਬੱਚਾ ਤਿੰਨ ਸ਼ਬਦ ਬੋਲ ਸਕਦਾ ਹੈ। ਦੋ ਸਾਲ ਦੀ ਉਮਰ ਤੱਕ ਉਹ 272 ਸ਼ਬਦ ਅਤੇ ਪੰਜ ਸਾਲ ਦੀ ਉਮਰ ਵਿੱਚ 2072 ਸ਼ਬਦ ਸਿੱਖ ਜਾਂਦਾ ਹੈ।"

2. **ਰੁਚੀਆਂ** (Interests) **:** ਸ਼ਿਸ਼ੂਕਾਲ ਵਿੱਚ ਬੱਚਾ ਕੇਵਲ ਉਨ੍ਹਾਂ ਗੱਲਾਂ ਵਿੱਚ ਰੁਚੀ ਲੈਂਦਾ ਹੈ ਜਿਹੜੀਆਂ ਉਸ ਦੀਆਂ ਤੁਰੰਤ ਲੋੜਾਂ ਜਿਵੇਂ ਕਿ ਭੁੱਖ ਅਤੇ ਖਾਣ-ਪੀਣ ਨਾਲ ਸੰਬੰਧ ਰੱਖਦੀਆਂ ਹਨ। ਹੌਲੀ-ਹੌਲੀ ਉਸ ਦਾ ਚੀਜ਼ਾਂ ਨੂੰ ਦੇਖਣ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਉਹ ਚਮਕੀਲੇ, ਛਣਕਣੇ ਵਾਲੇ, ਹਰਕਤ ਕਰਨ ਵਾਲੇ ਖਿਡੌਣਿਆਂ ਵਿੱਚ ਰੁਚੀ ਲੈਂਦਾ ਹੈ।

3. **ਵਚਿੱਤਰ ਪ੍ਰਸ਼ਨ** (Questioning) **:** ਇਸ ਉਮਰ ਵਿੱਚ ਕੁਝ ਜਾਣਨ ਦੀ ਇੱਛਾ ਹੁੰਦੀ ਹੈ ਜਿਵੇਂ ਕਿ ਇਹ ਕੀ ਹੈ? ਕਿਵੇਂ ਹੈ? ਕਿਉਂ ਹੈ? ਆਦਿ। ਇਸ ਬਾਰੇ ਬੱਚਾ ਅਕਸਰ ਪ੍ਰਸ਼ਨ ਕਰਦਾ ਰਹਿੰਦਾ ਹੈ।

4. **ਉਪਜਾਊ ਕਲਪਨਾ** (Imagination)**:** ਸ਼ਿਸ਼ੂ ਕਾਲ ਵਿੱਚ ਬੱਚਾ ਉਪਜਾਊ ਕਲਪਨਾ ਕਰਦਾ ਹੈ। ਦਿਨ ਦੇ ਸੁਪਨੇ, ਪਰੀਆਂ ਦੀਆਂ ਕਹਾਣੀਆਂ, ਨਕਲ ਅਤੇ ਸੋਚ ਵਰਗੇ ਝੂਠੇ ਨਾਟਕ ਆਦਿ। ਇਸ ਉਮਰ ਵਿੱਚ ਬੱਚੇ ਦੀ ਕਲਪਨਾ ਸ਼ਕਤੀ ਦਾ ਵਿਕਾਸ ਹੋ ਜਾਂਦਾ ਹੈ।

5. **ਧਾਰਨਾ, ਪ੍ਰਤੱਖ ਗਿਆਨ ਅਤੇ ਵਿਚਾਰ** (Belief, Concrete Knowledge and thinking) **:** ਇਸ ਉਮਰ ਵਿੱਚ ਧਾਰਨਾਵਾਂ ਅਤੇ ਪ੍ਰਤੱਖ ਗਿਆਨ ਦਾ ਵਿਕਾਸ ਸ਼ੁਰੂ ਹੁੰਦਾ ਹੈ। ਉਹ ਦੌੜਨ, ਤੁਰਨ ਜਾਂ ਚੜ੍ਹਨ ਵੇਲੇ ਦੂਰੀ ਦਾ ਅਨੁਮਾਨ ਲਾ ਸਕਦਾ ਹੈ। ਪੰਜ ਸਾਲ ਦੀ ਉਮਰ ਵਿੱਚ ਉਹ ਇਹ ਸੋਚਣ ਦੇ ਯੋਗ ਹੋ ਜਾਂਦਾ ਹੈ ਪਰ ਉਸ ਦੀ ਸੋਚ ਅਸਪਸ਼ਟ ਅਤੇ ਬੇਮੇਲ ਜਾਂ ਅਸੰਗਤ ਹੁੰਦੀ ਹੈ।

### 1.3.3.3 ਸ਼ਿਸ਼ੂਕਾਲ ਵਿੱਚ ਭਾਵਨਾਤਮਕ ਵਿਕਾਸ (Emotional development in Infancy)

ਸੰਵੇਗ ਬੱਚੇ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ:

1. ਸ਼ਿਸ਼ੂਕਾਲ ਦੇ ਮੁੱਢਲੇ ਸਾਲਾਂ ਦੌਰਾਨ ਸੰਵੇਗ ਦੀਆਂ ਭਾਵਨਾਵਾਂ ਪ੍ਰਗਟ ਹੁੰਦੀਆਂ ਹਨ। ਪ੍ਰੰਤੂ ਕਿਉਂਕਿ ਨਵੇਂ ਜਨਮੇ ਬੱਚੇ ਅਨੁਕ੍ਰਿਆਵਾਂ ਦੇ ਵਿਸ਼ੇਸ਼ ਨਮੂਨਿਆਂ ਦੀ ਬਜਾਏ ਵਿਸਤ੍ਰਿਤ ਰੂਪ ਪੇਸ਼ ਕਰਦੇ ਹਨ, ਇਸ ਲਈ ਉਹਨਾਂ ਦੇ ਸੰਵੇਗਾਤਮਕ ਤਜਰਬੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੁੰਦੇ।
2. ਗੁੱਸਾ ਇਸ ਅਵਸਥਾ ਵਿੱਚ ਆਮ ਹੁੰਦਾ ਹੈ। ਇਹ ਆਮਤੌਰ ਤੇ ਵੱਡਿਆਂ ਦਾ ਧਿਆਨ ਆਪਣੇ ਵੱਲ ਕਰਨ ਲਈ ਹੁੰਦਾ ਹੈ।
3. ਖੁਸ਼ੀ ਅਤੇ ਪਿਆਰ ਦਾ ਸੰਵੇਗ ਵੀ ਬੱਚੇ ਵਿੱਚ ਦੇਖਿਆ ਜਾ ਸਕਦਾ ਹੈ।
4. 2-5 ਸਾਲ ਦੇ ਬੱਚੇ ਬਹੁਤ ਹੀ ਭਾਵੁਕ ਹੁੰਦੇ ਹਨ।

### 1.3.3.4 ਸ਼ਿਸ਼ੂਕਾਲ ਵਿੱਚ ਸਮਾਜਿਕ ਵਿਕਾਸ (Social development in Infancy)

1. ਜਨਮ ਵੇਲੇ ਸ਼ਿਸ਼ੂ ਸਮਾਜਿਕ ਨਹੀਂ ਹੁੰਦਾ। ਸ਼ਿਸ਼ੂ ਸ੍ਵੈ-ਕੇਂਦਰਿਤ ਹੁੰਦਾ ਹੈ।
2. ਸ਼ਿਸ਼ੂ ਆਪਣੀ ਹਰੇਕ ਜ਼ਰੂਰਤ ਲਈ ਆਪਣੇ ਮਾਪਿਆਂ ਤੇ ਨਿਰਭਰ ਕਰਦਾ ਹੈ। 2 ਸਾਲ ਤੱਕ ਬੱਚੇ ਦੇ ਸਮਾਜਿਕ ਸੰਬੰਧ ਸਿਰਫ ਉਸ ਦੇ ਘਰ ਤੱਕ ਹੀ ਸੀਮਤ ਰਹਿੰਦੇ ਹਨ। 2 ਸਾਲ ਤੋਂ ਪਹਿਲਾਂ ਸ਼ਿਸ਼ੂ ਆਪਣੇ ਆਪ ਹੀ ਖੇਡਦਾ ਰਹਿੰਦਾ ਹੈ।
3. 3 ਸਾਲ ਵਿੱਚ ਬੱਚਾ ਦੂਜੇ ਬੱਚਿਆਂ ਨਾਲ ਖੇਡਨਾ ਸ਼ੁਰੂ ਕਰਦਾ ਹੈ ਜਿਸ ਨੂੰ ਸਮਾਜਿਕ ਖੇਡ ਕਿਹਾ ਜਾਂਦਾ ਹੈ। ਬੱਚਾ ਦੋਸਤ ਵੀ ਬਣਾਉਂਦਾ ਹੈ।

### 1.3.3.5 ਸ਼ਿਸ਼ੂਕਾਲ ਵਿੱਚ ਸਿੱਖਿਆ (Infancy and Education)

ਸ਼ਿਸ਼ੂਕਾਲ ਬੱਚੇ ਦੇ ਜੀਵਨ ਵਿੱਚ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ। ਇਸ ਪੜਾਅ ਵਿੱਚ ਬੱਚੇ ਦੀ ਸਿੱਖਿਆ ਵਿਸ਼ੇਸ਼ ਅਤੇ ਮਨੋਵਿਗਿਆਨਕ ਪ੍ਰਵਿਰਤੀ ਦੀ ਹੋਣੀ ਚਾਹੀਦੀ ਹੈ।

1. ਮਾਪਿਆਂ ਨੂੰ ਬੱਚੇ ਦੇ ਸਰੀਰਕ, ਮਾਨਸਿਕ, ਸੰਵੇਗਾਤਮਕ ਅਤੇ ਸਮਾਜਿਕ ਵਿਕਾਸ ਦਾ ਅਤੇ ਸਿੱਖਿਆ ਦਾ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

2. ਬੱਚਿਆਂ ਨੂੰ ਪੌਸ਼ਟਿਕ ਭੋਜਨ ਦੇਣਾ ਚਾਹੀਦਾ ਹੈ।
3. ਬੱਚਿਆਂ ਨੂੰ ਸਿੱਖਿਆ ਦੇਣ ਲਈ ਮਾਤ-ਭਾਸ਼ਾ ਦਾ ਵੱਧ ਪ੍ਰਯੋਗ ਕਰਨਾ ਚਾਹੀਦਾ ਹੈ।
4. ਬੱਚੇ ਵਿੱਚ ਸਮਾਜਿਕ ਗੁਣਾਂ ਦਾ ਵਿਕਾਸ ਵੀ ਸਿੱਖਿਆ ਦੁਆਰਾ ਕਰਨਾ ਚਾਹੀਦਾ ਹੈ।
5. ਖੇਡ-ਖੇਡ ਵਿੱਚ ਬੱਚੇ ਨੂੰ ਸਿਖਾਉਣਾ ਚਾਹੀਦਾ ਹੈ।
6. ਸੰਗੀਤ ਦੁਆਰਾ ਵੀ ਬੱਚੇ ਨੂੰ ਸਿਖਾਉਣਾ ਚਾਹੀਦਾ ਹੈ।

### 1.3.4 ਬਚਪਨਕਾਲ (Childhood)

ਬਚਪਨ ਅਵਸਥਾ 3 ਤੋਂ 12 ਸਾਲ ਦੀ ਉਮਰ ਤੱਕ ਹੁੰਦੀ ਹੈ। ਇਹ ਸਮਾਂ ਨਰਸਰੀ ਸਕੂਲ ਵਿੱਚ ਪ੍ਰਵੇਸ਼ ਤੋਂ ਸ਼ੁਰੂ ਹੋ ਕੇ ਜਵਾਨੀ ਦੇ ਆਰੰਭ ਤੱਕ ਰਹਿੰਦਾ ਹੈ। ਇਸ ਕਾਲ ਵਿੱਚ ਬਹੁਤ ਸਾਰੀਆਂ ਸਰੀਰਕ, ਬੌਧਿਕ, ਭਾਵਨਾਤਮਕ ਅਤੇ ਸਮਾਜਿਕ ਤਬਦੀਲੀਆਂ ਆਉਂਦੀਆਂ ਹਨ।

### 1.3.4.1 ਬਚਪਨਕਾਲ ਵਿੱਚ ਸਰੀਰਕ ਵਿਕਾਸ (Physical development in childhood)

ਇਸ ਅਵਸਥਾ ਵਿੱਚ ਸਰੀਰਕ ਵਿਕਾਸ ਹੇਠ ਲਿਖੇ ਅਨੁਸਾਰ ਹੁੰਦਾ ਹੈ:

1. **ਕੱਦ ਅਤੇ ਭਾਰ (Height and Weight):** ਇਸ ਕਾਲ ਵਿੱਚ ਵਾਧਾ ਅਤੇ ਵਿਕਾਸ ਕੁੱਝ ਮੱਧਮ, ਲਗਾਤਾਰ ਅਤੇ ਇੱਕਸਾਰ ਹੁੰਦਾ ਹੈ। 12 ਸਾਲ ਦੀ ਉਮਰ ਵਿੱਚ ਬੱਚੇ ਜਾਂ ਸਿੱਖਿਆਰਥੀ ਦਾ ਕੱਦ 56 ਇੰਚ ਦੇ ਲਗਭਗ ਹੁੰਦਾ ਹੈ ਅਤੇ ਭਾਰ 85 ਪੌਂਡ ਜਾਂ 34 ਕਿਲੋ ਦੇ ਲਗਭਗ ਹੁੰਦਾ ਹੈ।

2. **ਸਰੀਰਕ ਅਨੁਪਾਤ (Physical change in Ratio):** ਇਹ ਬਚਪਨ ਅਵਸਥਾ ਵਿੱਚ ਸਰੀਰਕ ਅਨੁਪਾਤ ਕਾਫੀ ਬਦਲ ਜਾਂਦਾ ਹੈ। ਬੱਚੇ ਦੀ ਸਮੁੱਚੀ ਸ਼ਕਲ ਬਦਲ ਜਾਂਦੀ ਹੈ। ਨੱਕ ਵੱਡਾ ਹੋ ਜਾਂਦਾ ਹੈ ਅਤੇ ਹੇਠਲੇ ਜਬਾੜੇ ਦੇ ਆਧਾਰ ਵਿੱਚ ਵਾਧਾ ਹੋ ਜਾਂਦਾ ਹੈ। ਬਾਹਾਂ, ਲੱਤਾਂ ਅਤੇ ਧੜ੍ਹ ਦੀ ਲੰਬਾਈ ਵੱਧ ਜਾਂਦੀ ਹੈ। ਇਸ ਸਮੇਂ ਬੱਚੇ ਪਤਲੇ ਹੋ ਜਾਂਦੇ ਹਨ। ਇਸ ਤਰ੍ਹਾਂ ਬੱਚਾ ਕੁੱਝ ਕਮਜ਼ੋਰ ਲੱਗਣ ਲੱਗ ਪੈਂਦਾ ਹੈ।

3. **ਵਾਧਾ ਅਤੇ ਪੱਠਿਆਂ ਦਾ ਤਾਲਮੇਲ (Relation between growth and musclios) :** ਇਸ ਅਵਸਥਾ ਵਿੱਚ ਬੱਚਿਆਂ ਦਾ ਵਾਧਾ ਤੀਬਰ ਅਤੇ ਬਹੁਤ ਜ਼ਿਆਦਾ ਹੁੰਦਾ ਹੈ। ਬੱਚਿਆਂ ਦੇ ਸੂਖਮ ਪੱਠਿਆਂ ਵਿਚਕਾਰ ਤਾਲਮੇਲ ਕਾਇਮ ਹੋ ਜਾਂਦਾ ਹੈ ਅਤੇ ਉਸ ਦੇ ਪੱਠੇ ਤੇ ਪ੍ਰੇਰਕ ਸਰਗਰਮੀਆਂ ਸੁਧਰ ਜਾਂਦੀਆਂ ਹਨ।

4. **ਦੰਦ (Teeth) :** ਇਸ ਕਾਲ ਵਿੱਚ ਬੱਚੇ ਦੇ ਦੁਧਲੇ ਦੰਦ ਡਿੱਗ ਜਾਂਦੇ ਹਨ ਅਤੇ ਉਨ੍ਹਾਂ ਦੀ ਥਾਂ ਨਵੇਂ ਦੰਦ ਉੱਗਦੇ ਹਨ।

5. **ਨਾੜੀ ਸੰਸਥਾਨ (Nervous System) :** ਸ਼ਿਸ਼ੂ ਕਾਲ ਵਿੱਚ ਨਾੜੀ ਸੰਸਥਾਨ ਦਾ ਵਿਕਾਸ ਹੋਰ ਮੁਕਾਬਲੇ ਤੀਬਰ ਗਤੀ ਵਿੱਚ ਹੁੰਦਾ ਹੈ। ਪਰ ਇਸ ਕਾਲ ਵਿੱਚ ਉਸ ਦੀ ਰਫ਼ਤਾਰ ਘੱਟ ਹੁੰਦੀ ਹੈ।

6. **ਗਿਆਨ ਇੰਦਰੀਆਂ ਅਤੇ ਪ੍ਰੇਰਕ ਅੰਗ:** ਬਚਪਨ ਅਵਸਥਾ ਵਿੱਚ ਬੱਚੇ ਦੀਆਂ ਗਿਆਨ ਇੰਦਰੀਆਂ ਅਤੇ ਪ੍ਰੇਰਕ ਅੰਗ ਪੂਰਨ ਵਿਕਾਸ ਪ੍ਰਾਪਤ ਕਰ ਲੈਂਦੇ ਹਨ ਅਤੇ ਪੂਰੀ ਤਰ੍ਹਾਂ ਉੱਨਤ ਹੋ ਜਾਂਦੇ ਹਨ।

7. **ਲਿੰਗ ਭੇਦ (Gender differantiation):** ਇਸ ਅਵਸਥਾ ਵਿੱਚ ਲਿੰਗ ਭੇਦ ਸਰੀਰਕ ਵਾਧੇ ਉੱਤੇ ਪ੍ਰਭਾਵ ਪਾਉਂਦੇ ਹਨ। ਇੱਕ ਲੜਕੀ ਔਸਤਨ ਤੌਰ ਤੇ ਲੜਕੇ ਨਾਲੋਂ ਅੱਧਾ ਇੰਚ ਲੰਬੀ ਅਤੇ 3 ਪੌਂਡ ਭਾਰੀ ਹੁੰਦੀ ਹੈ।

### 1.3.4.2 ਬਚਪਨਕਾਲ ਵਿੱਚ ਮਾਨਸਿਕ ਵਿਕਾਸ (Mental development in Childhood)

ਬਚਪਨ ਕਾਲ ਵਿੱਚ ਬੱਚੇ ਦਾ ਮਾਨਸਿਕ ਵਿਕਾਸ ਹੇਠ ਲਿਖੇ ਅਨੁਸਾਰ ਹੁੰਦਾ ਹੈ:

1. **ਭਾਸ਼ਾ ਦਾ ਵਿਕਾਸ:** 12 ਸਾਲ ਦੀ ਉਮਰ ਵਿੱਚ ਬੱਚੇ ਦਾ ਸ਼ਬਦ ਭੰਡਾਰ ਕਾਫੀ ਵਿਸ਼ਾਲ ਹੋ ਜਾਂਦਾ ਹੈ। ਉਹ ਚੰਗੀ ਤਰ੍ਹਾਂ ਵਾਕ ਬੋਲ ਸਕਦਾ ਹੈ ਅਤੇ ਮੁਹਾਵਰੇ ਵੀ ਵਰਤ ਸਕਦਾ ਹੈ।
2. **ਤਰਕ ਸ਼ਕਤੀ ਦਾ ਵਿਕਾਸ:** ਬਚਪਨ ਕਾਲ ਵਿੱਚ ਬੱਚੇ ਦੀ ਤਰਕ ਸ਼ਕਤੀ ਦਾ ਵਿਕਾਸ ਹੋ ਜਾਂਦਾ ਹੈ।
3. **ਕਲਪਨਾ ਵਿੱਚ ਅਸਲੀਅਤ ਦਾ ਰੰਗ:** ਇਸ ਅਵਸਥਾ ਵਿੱਚ ਬੱਚਾ ਇਹ ਅਨੁਭਵ ਕਰਦਾ ਹੈ ਕਿ ਅਸਲਿਅਤ ਵਾਲੀ ਦੁਨੀਆਂ ਉਸ ਦੀ ਅਸਲੀ ਦੁਨੀਆਂ ਹੈ।
4. **ਧਾਰਨਾਵਾਂ ਦਾ ਵਿਕਾਸ:** ਇਸ ਅਵਸਥਾ ਵਿੱਚ ਬੱਚਾ ਸਮੇਂ ਦੀ ਧਾਰਨਾ ਦਾ ਪੂਰਨ ਗਿਆਨ ਪ੍ਰਾਪਤ ਕਰ ਲੈਂਦਾ ਹੈ। ਉਹ ਲੰਬਾਈ ਅਤੇ ਦੂਰੀ ਦਾ ਵੀ ਗਿਆਨ ਪ੍ਰਾਪਤ ਕਰ ਲੈਂਦਾ ਹੈ।
5. **ਰੁਚੀਆਂ ਦਾ ਵਿਕਾਸ:** ਇਸ ਅਵਸਥਾ ਵਿੱਚ ਬੱਚੇ ਦੀਆਂ ਰੁਚੀਆਂ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਉਹ ਸਫ਼ਰਨਾਮੇ, ਜੀਵਨੀਆਂ, ਵਿਗਿਆਨ ਦੀਆਂ ਕਿਤਾਬਾਂ, ਕਾਰਨਾਮੇ, ਪਰੀਆਂ ਦੀਆਂ ਕਹਾਣੀਆਂ, ਜੁਰਮ ਦੀਆਂ ਕਹਾਣੀਆਂ, ਰਹੱਸ-ਪੂਰਨ ਕਿਤਾਬਾਂ ਪਸੰਦ ਕਰਦਾ ਹੈ।

### 1.3.4.3 ਬਚਪਨਕਾਲ ਵਿੱਚ ਭਾਵਨਾਤਮਕ ਵਿਕਾਸ (Emotional development in Childhood)

ਬਚਪਨਕਾਲ ਵਿੱਚ ਬੱਚਾ ਆਪਣੇ ਸੰਵੇਗਾਂ ਨੂੰ ਨਿਯੰਤਰਿਤ ਕਰ ਲੈਂਦਾ ਹੈ। ਇਸ ਪੜਾਅ ਵਿੱਚ ਹੀ ਬੱਚੇ ਦੀ ਸਥਾਈ ਭਾਵਨਾਵਾਂ ਬਣਦੀਆਂ ਹਨ। ਬੱਚਾ ਡਰਦਾ ਹੈ ਪਰ ਫਿਰ ਵੀ ਬਹਾਦੁਰੀ ਵਿਖਾਉਂਦਾ ਹੈ। ਉਸ ਨੂੰ ਗੁੱਸਾ ਆਉਂਦਾ ਹੈ ਪਰ ਉਹ ਗੁੱਸਾ ਜ਼ਾਹਿਰ ਨਹੀਂ ਕਰਦਾ ਉਸ ਦੀ ਖ਼ੁਸ਼ੀ ਦੇ ਭਾਵ ਮੁਸਕਾਨ ਵਿੱਚ ਦੇਖੇ ਜਾ ਸਕਦੇ ਹਨ ਨਾ ਕਿ ਠਹਾਕੇ ਵਿੱਚ। ਇਸ ਤਰ੍ਹਾਂ ਬੱਚਾ ਇਸ ਪੜਾਅ ਵਿੱਚ ਆਪਣੇ ਸੰਵੇਗਾਂ ਨੂੰ ਕਾਬੂ ਕਰ ਲੈਂਦਾ ਹੈ।

### 1.3.4.4 ਬਚਪਨਕਾਲ ਵਿੱਚ ਸਮਾਜਿਕ ਵਿਕਾਸ (Social development in Childhood)

ਬਚਪਨਕਾਲ ਵਿੱਚ ਬੱਚੇ ਵਿੱਚ ਸਮਾਜਿਕ ਗੁਣਾਂ ਦਾ ਵਿਕਾਸ ਹੋ ਜਾਂਦਾ ਹੈ।

1. ਬੱਚਾ ਹੁਣ ਇੱਕ ਸਮੂਹ ਵਿੱਚ ਖੇਡਦਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਮਾਂ ਆਪਣੇ ਦੋਸਤਾਂ ਨਾਲ ਹੀ ਰਹਿੰਦਾ ਹੈ। ਉਸ ਦੇ ਲਈ ਹੁਣ ਉਸ ਦਾ ਸਮੂਹ (Group) ਬਹੁਤ ਹੀ ਮਹੱਤਵਪੂਰਨ ਹੋ ਜਾਂਦਾ ਹੈ।
2. ਬੱਚਾ ਆਪਣੇ ਆਪ ਨੂੰ ਸਮੂਹ ਵਿੱਚ ਸਮਾਯੋਜਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਗਰੁੱਪ ਪ੍ਰਤੀ ਵਫ਼ਾਦਾਰ ਹੋ ਜਾਂਦਾ ਹੈ ਅਤੇ ਕਦੇ -ਕਦੇ ਗਰੁੱਪ ਦੀ ਅਗਵਾਈ ਵੀ ਕਰਦਾ ਹੈ।
3. ਮੁੰਡੇ ਅਤੇ ਕੁੜੀਆਂ ਅੱਡ-ਅੱਡ ਗਰੁੱਪਾਂ ਵਿੱਚ ਖੇਡਦੇ ਹਨ।
4. ਇਸ ਉਮਰ ਵਿੱਚ ਬੱਚੇ ਮਾਪਿਆਂ ਦੇ ਸਮਾਜਿਕ-ਆਰਥਿਕ ਰੁਤਬੇ ਪ੍ਰਤੀ ਜ਼ਿਆਦਾ ਸਚੇਤ ਹੋ ਜਾਂਦੇ ਹਨ। ਇਸ ਕਾਰਨ ਉਨ੍ਹਾਂ ਵਿੱਚ ਕਈ ਵਾਰ ਮੱਤ-ਭੇਦ ਵੀ ਪੈਦਾ ਹੋ ਜਾਂਦੇ ਹਨ। ਇਸ ਲਈ ਮਾਪਿਆਂ ਅਤੇ ਅਧਿਆਪਕਾਂ ਦਾ ਫ਼ਰਜ਼ ਹੈ ਕਿ ਉਹ ਬੱਚਿਆਂ ਵਿੱਚ ਇਸ ਤਰ੍ਹਾਂ ਦੇ ਮੱਤ-ਭੇਦ ਨਾ ਪੈਦਾ ਹੋਣ ਦੇਣ।

### 1.3.4.5 ਬਚਪਨਕਾਲ ਵਿੱਚ ਸਿੱਖਿਆ (Education in Childhood)

ਬਚਪਨ ਦਾ ਵਿਕਾਸ ਦਾ ਪੜਾਅ ਮਨੁੱਖ ਦੇ ਸਾਰੇ ਜੀਵਨ ਦਾ ਆਇਨਾ ਹੁੰਦਾ ਹੈ। ਇਹ ਭੂਤ, ਵਰਤਮਾਨ ਅਤੇ ਭਵਿੱਖ ਨੂੰ ਦਰਸਾਉਂਦਾ ਹੈ।

1. ਅਧਿਆਪਕ ਨੂੰ ਸਕੂਲ ਵਿੱਚ ਬੱਚਿਆਂ ਲਈ ਖੇਡਾਂ ਦਾ ਆਯੋਜਨ ਕਰਨਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
2. ਅਧਿਆਪਕ ਬੱਚੇ ਦੇ ਮਾਨਸਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।
3. ਬੱਚਿਆਂ ਵਿੱਚ ਈਮਾਨਦਾਰੀ ਅਤੇ ਸੱਚਾਈ ਦੇ ਗੁਣਾਂ ਦਾ ਵਿਕਾਸ ਕਰਨਾ ਚਾਹੀਦਾ ਹੈ।
4. ਪਾਠਕ੍ਰਮ ਬੱਚਿਆਂ ਦੀ ਰੁਚੀ ਅਨੁਸਾਰ ਹੋਣਾ ਚਾਹੀਦਾ ਹੈ।
5. ਇਤਿਹਾਸ ਅਤੇ ਗਣਿਤ ਦੀ ਵਿਆਖਿਆ ਜੀਵਨ ਨਾਲ ਸੰਬੰਧਿਤ ਕਰਕੇ ਕਰਨੀ ਚਾਹੀਦੀ ਹੈ।
6. ਸਕੂਲੀ ਸੰਸਥਾ ਨੂੰ ਬੱਚਿਆਂ ਲਈ ਸਕਾਊਟ, ਵਾਦ-ਵਿਵਾਦ ਪ੍ਰਤਿਯੋਗਿਤਾ, ਡਰਾਮਾ, ਅਤੇ ਖੇਡਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।
7. ਸਕੂਲ ਵਿੱਚ ਭਾਵਨਾਤਮਕ ਸੁਰੱਖਿਆ ਦਾ ਮਾਹੌਲ ਹੋਣਾ ਚਾਹੀਦਾ ਹੈ।

### 1.3.5 ਕਿਸ਼ੋਰ ਅਵਸਥਾ (Adolescence) :-

ਸਿਖਾਂਦਰੂ ਦੀ 13 ਤੋਂ 18 ਸਾਲ ਦੀ ਉਮਰ ਉਸਦੀ ਕਿਸ਼ੋਰ ਅਵਸਥਾ ਦੀ ਉਮਰ ਹੁੰਦੀ ਹੈ। ਬਚਪਨ ਤੋਂ ਬਾਲਗਪਨ ਦੇ ਵਿਚਕਾਰਲਾ ਸਮਾਂ ਕਿਸ਼ੋਰ ਅਵਸਥਾ ਦਾ ਹੁੰਦਾ ਹੈ। ਮਨੁੱਖੀ ਵਾਧੇ ਅਤੇ ਵਿਕਾਸ ਵਿੱਚ ਕਿਸ਼ੋਰ ਅਵਸਥਾ ਨੂੰ ਸਭ ਤੋਂ ਜ਼ਿਆਦਾ ਨਾਜ਼ੁਕ ਅਤੇ ਖਤਰਨਾਕ ਸਮਾਂ ਸਮਝਿਆ ਜਾਂਦਾ ਹੈ। ਇੱਕ ਪ੍ਰਸਿੱਧ ਮਨੋਵਿਗਿਆਨੀ ਸਟੇਨੇ ਹਾਲ (Steney Hall) ਦੇ ਅਨੁਸਾਰ, "ਕਿਸ਼ੋਰ ਅਵਸਥਾ ਤਣਾਉ ਅਤੇ ਦਬਾਉ ਜਾਂ ਤੁਫ਼ਾਨ ਅਤੇ ਸੰਘਰਸ਼ ਦਾ ਸਮਾਂ ਹੈ।" ਇਸ ਅਵਸਥਾ ਵਿੱਚ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਹੁਦਾ ਹੈ। ਇਹ ਹੇਠ ਲਿਖੇ ਅਨੁਸਾਰ ਹੈ:

#### 1.3.5.1 ਕਿਸ਼ੋਰ ਅਵਸਥਾ ਵਿੱਚ ਸਰੀਰਕ ਵਿਕਾਸ (Physical development in adolescence)

ਇਸ ਅਵਸਥਾ ਦੇ ਸ਼ੁਰੂ ਵਿੱਚ ਭਾਵ ਬਾਰ੍ਹਵੇਂ ਸਾਲ ਵਿੱਚ ਸਰੀਰਕ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ। ਸਰੀਰ ਦੇ ਸਾਰੇ ਹਿੱਸੇ ਇਕਸਾਰਤਾ ਨਾਲ ਜਾਂ ਕਿਸੇ ਅਨੁਪਾਤਕ ਤੌਰ ਤੇ ਨਹੀਂ ਵੱਧਦੇ ਪਰ ਮੁੰਡਿਆਂ ਅਤੇ ਕੁੜੀਆਂ ਦੋਹਾਂ ਦਾ ਸਰੀਰਕ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ। ਭਾਵੇਂ ਇਹ ਵਾਧੇ ਦੀ ਦਰ ਜ਼ਿਆਦਾਤਰ ਉਘੜ-ਦੁਘਰ ਹੁੰਦੀ ਹੈ।

1. **ਕੱਦ ਅਤੇ ਭਾਰ ਵਿੱਚ ਵਾਧਾ:** ਕਿਸ਼ੋਰ ਅਵਸਥਾ ਵਿੱਚ ਕੱਦ ਤੇਜ਼ੀ ਨਾਲ ਵੱਧਦਾ ਹੈ। ਇਸੇ ਅਵਸਥਾ ਵਿੱਚ ਹੀ ਵਿਅਕਤੀ ਦੀ ਲੰਬਾਈ ਤੇ ਉਸ ਦਾ ਆਕਾਰ ਆਪਣੀ ਵੱਧ ਤੋਂ ਵੱਧ ਹੱਦ ਤੱਕ ਪਹੁੰਚ ਜਾਂਦਾ ਹੈ। ਕਿਸ਼ੋਰ ਦਾ ਸਰੀਰਕ ਭਾਰ ਅਤੇ ਉਸਦੀ ਉਚਾਈ ਗਤੀ ਨਾਲ ਨਹੀਂ ਵੱਧਦੀ। ਇਸ ਲਈ ਉਹ ਪਤਲੇ ਦਿਖਾਈ ਦਿੰਦੇ ਹਨ। 12 ਤੋਂ 14 ਸਾਲ ਦੀ ਅਵਸਥਾ ਵਿੱਚ ਲੜਕੀਆਂ, ਲੜਕਿਆਂ ਨਾਲੋਂ ਜ਼ਿਆਦਾ ਲੰਬੀਆਂ ਅਤੇ ਭਾਰੀ ਦਿਸਦੀਆਂ ਹਨ ਕਿਉਂਕਿ ਉਹ ਲੜਕਿਆਂ ਨਾਲੋਂ ਛੇਤੀ ਵੱਧਣਾ ਸ਼ੁਰੂ ਕਰ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਇਸ ਉਮਰ ਵਿੱਚ ਲੜਕੀਆਂ ਆਪਣੇ ਹਮ-ਉਮਰ ਲੜਕਿਆਂ ਨੂੰ ਆਪਣੇ ਨਾਲੋਂ ਛੋਟਾ ਸਮਝਦੀਆਂ ਹਨ ਅਤੇ ਆਪਣੇ ਨਾਲੋਂ ਵੱਡੇ ਲੜਕਿਆਂ ਨਾਲ ਰਹਿਣਾ ਪਸੰਦ ਕਰਦੀਆਂ ਹਨ।
2. **ਹੱਡੀਆਂ ਅਤੇ ਪੱਠਿਆਂ ਦਾ ਤੇਜ਼ ਵਿਕਾਸ:** ਕਿਸ਼ੋਰ ਦੀਆਂ ਹੱਡੀਆਂ ਅਤੇ ਪੱਠੇ ਤੇਜ਼ੀ ਨਾਲ ਵਿਕਸਿਤ ਹੁੰਦੇ ਹਨ। ਕਿਸ਼ੋਰ ਅਵਸਥਾ ਦੇ ਅੰਤ ਤੱਕ ਉਹ ਆਪਣੇ ਅੰਤਮ ਆਕਾਰ ਨੂੰ ਗ੍ਰਹਿਣ ਕਰ ਲੈਂਦੇ ਹਨ। ਲੜਕੀਆਂ ਦੇ ਪੱਠੇ ਕੋਮਲ ਹੁੰਦੇ ਹਨ ਜਦੋਂ ਕਿ ਲੜਕਿਆਂ ਦੇ ਪੱਠੇ ਸਖ਼ਤ ਅਤੇ ਮਜ਼ਬੂਤ ਹੋ ਜਾਂਦੇ ਹਨ।
3. **ਸਰੀਰਕ ਅਨੁਪਾਤਾਂ ਵਿੱਚ ਪਰਿਵਰਤਨ:** ਸਰੀਰ ਦੇ ਭਿੰਨ-ਭਿੰਨ ਅੰਗ ਵੱਖ-ਵੱਖ ਅਨੁਪਾਨ ਨਾਲ ਵੱਧਦੇ ਹਨ। ਵੱਖ-ਵੱਖ ਗਤੀ ਨਾਲ ਆਪਣੀ ਅੰਤਿਮ ਹਾਲਤ ਨੂੰ ਪਹੁੰਚਦੇ ਹਨ। ਬਾਹਾਂ ਅਤੇ ਲੱਤਾਂ ਲੰਬੀਆਂ ਹੋ ਜਾਂਦੀਆਂ ਹਨ। ਹੱਥ ਅਤੇ ਪੈਰ ਵੱਡੇ ਹੋ ਜਾਂਦੇ ਹਨ ਅਤੇ ਧੜ੍ਹ ਵੀ ਆਪਣੀ ਲੰਬਾਈ ਵਿੱਚ ਵੱਧਣ ਲੱਗਦਾ ਹੈ। ਪੇਟ ਦਾ ਹੇਠਲਾ ਹਿੱਸਾ ਚੌੜਾ ਹੋਣ ਲੱਗਦਾ ਹੈ। ਚਿਹਰੇ ਦੇ ਆਕਾਰ ਵਿੱਚ ਪਰਿਵਰਤਨ ਆ ਜਾਂਦਾ ਹੈ। ਨੱਕ ਲੰਬਾ ਹੋ ਕੇ ਅੰਤਿਮ ਰੂਪ ਧਾਰਨ ਕਰ ਲੈਂਦਾ ਹੈ। ਮੱਥਾ ਚੌੜਾ ਹੋ ਜਾਂਦਾ ਹੈ ਸਰੀਰਕ ਅੰਗਾਂ ਦਾ ਅਨੁਪਾਤ ਬਦਲਣ ਲੱਗਦਾ ਹੈ। ਇਸ ਲਈ ਕਿਸ਼ੋਰ ਅਵਸਥਾ ਵਿੱਚ ਬੱਚਾ ਆਪਣੇ ਆਪ ਨੂੰ ਭੱਦਾ ਅਤੇ ਬੇ-ਢੰਗਾ ਮਹਿਸੂਸ ਕਰਦਾ ਹੈ।
4. **ਆਵਾਜ਼ ਵਿੱਚ ਤਬਦੀਲੀ:** ਕਿਸ਼ੋਰ ਅਵਸਥਾ ਵਿੱਚ ਲੜਕੇ ਅਤੇ ਲੜਕੀਆਂ ਦੋਹਾਂ ਦੀ ਆਵਾਜ਼ ਵਿੱਚ ਸਪੱਸ਼ਟ ਰੂਪ ਵਿੱਚ ਤਬਦੀਲੀ ਆ ਜਾਂਦੀ ਹੈ। ਮੁੰਡਿਆਂ ਦੀ ਆਵਾਜ਼ ਗਹਿਰੀ ਅਤੇ ਤੇਜ਼ ਹੋ ਜਾਂਦੀ ਹੈ ਅਤੇ ਲੜਕੀਆਂ ਦੀ ਆਵਾਜ਼ ਪਤਲੀ ਅਤੇ ਮਿੱਠੀ ਹੋ ਜਾਂਦੀ ਹੈ।
5. **ਲਿੰਗੀ ਅੰਗਾਂ ਦੇ ਆਕਾਰ ਵਿੱਚ ਵਾਧਾ:** ਕਿਸ਼ੋਰ ਅਵਸਥਾ ਵਿੱਚ ਮੁੰਡਿਆਂ ਦੇ ਬਾਹਰਲੇ ਲਿੰਗ ਅੰਗਾਂ ਵਿੱਚ ਕਾਫੀ ਵਾਧਾ ਹੁੰਦਾ ਹੈ। ਆਮ ਤੌਰ ਤੇ ਲਿੰਗ ਵਾਧੇ ਤੋਂ ਪਹਿਲਾਂ ਅੰਡਕੋਸ਼ਾਂ ਵਿੱਚ ਵਾਧਾ ਦਿਖਾਈ ਦੇਣ ਲੱਗਦਾ ਹੈ। ਖੱਬਾ ਅੰਡਕੋਸ਼ ਆਮ ਕਰਕੇ ਹੇਠਾਂ ਵੱਲ ਜ਼ਿਆਦਾ ਲਟਕ ਜਾਂਦਾ ਹੈ ਅਤੇ ਸੱਜੇ ਅੰਡਕੋਸ਼ ਨਾਲੋਂ ਵੱਡਾ ਹੁੰਦਾ ਹੈ। ਲਿੰਗੀ ਅੰਗਾਂ ਦੇ ਵਾਧੇ ਕਾਰਨ ਲੜਕਿਆਂ ਤੇ ਕਈ ਕਿਸਮ ਦੇ ਮਨੋਵਿਗਿਆਨਕ ਪ੍ਰਭਾਵ ਪੈ ਸਕਦੇ ਹਨ।
6. **ਛਾਤੀ ਦਾ ਵਿਕਾਸ ਅਤੇ ਪੈਲਵਿਸ ਵਿੱਚ ਵਾਧਾ:** ਕਿਸ਼ੋਰ ਅਵਸਥਾ ਵਿੱਚ ਲੜਕੀਆਂ ਦੀ ਛਾਤੀ ਦਾ ਵਿਕਾਸ ਤੇ ਪੈਲਵਿਸ ਦਾ ਵਾਧਾ ਅਜਿਹੇ ਪਰਿਵਰਤਨ ਹਨ ਜੋ ਉਨ੍ਹਾਂ ਦੇ ਸਰੀਰਕ ਵਾਧੇ ਉੱਤੇ ਪ੍ਰਭਾਵ ਪਾਉਂਦੇ ਹਨ।
7. **ਰਾਤ ਨੂੰ ਵੀਰਜ-ਪਾਤ ਅਤੇ ਮਾਂਹਵਾਰੀ:** ਕਿਸ਼ੋਰ ਅਵਸਥਾ ਵਿੱਚ ਕਾਮ ਗਲੈਂਡ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਲੜਕਿਆਂ ਵਿੱਚ ਵੀਰਜ ਬਣਨਾ ਸ਼ੁਰੂ ਹੋ ਜਾਂਦਾ ਹੈ ਅਤੇ ਲੜਕੀਆਂ ਵਿੱਚ ਮਹਾਂਵਾਰੀ ਸ਼ੁਰੂ ਹੋ ਜਾਂਦੀ ਹੈ। ਜਿਸ ਕਰਕੇ ਉਨ੍ਹਾਂ ਦੇ ਮਨ ਵਿੱਚ ਡਰ ਅਤੇ ਬੇਚੈਨੀ ਪੈਦਾ ਹੋ ਜਾਂਦੀ ਹੈ।

8. **ਵਾਲਾਂ ਵਿੱਚ ਵਾਧਾ:** ਪੇਟ ਦੇ ਹੇਠਲੇ ਖੇਤਰ ਵਿੱਚ, ਬਗਲਾਂ ਵਿੱਚ, ਲੱਤਾਂ, ਪੱਟਾਂ ਅਤੇ ਬਾਹਾਂ ਉੱਤੇ ਵਾਲ ਉੱਗਣ ਲੱਗਦੇ ਹਨ। ਲੜਕਿਆਂ ਨੂੰ ਦਾੜ੍ਹੀ ਮੁੱਛਾਂ ਆਉਣ ਲੱਗਦੀਆਂ ਹਨ।

9. **ਨਬਜ਼ ਦੀ ਗਤੀ ਵਿੱਚ ਵਾਧਾ:** ਸਰੀਰ ਦੇ ਹੋਰ ਅੰਗਾਂ ਵਾਂਗ ਦਿਲ ਦਾ ਆਕਾਰ ਤੇ ਭਾਰ ਵੀ ਵੱਧ ਜਾਂਦਾ ਹੈ। ਕਿਸ਼ੋਰ ਅਵਸਥਾ ਵਿੱਚ ਲੜਕਿਆਂ ਅਤੇ ਲੜਕੀਆਂ ਦੋਹਾਂ ਦੀ ਨਬਜ਼ ਦੀ ਰਫ਼ਤਾਰ ਵਿੱਚ ਵਾਧਾ ਹੋ ਜਾਂਦਾ ਹੈ ਪਰ ਜਿਉ-ਜਿਉਂ ਵਿਅਕਤੀ ਵੱਡਾ ਹੁੰਦਾ ਹੈ ਉਸ ਦੀ ਨਬਜ਼ ਦੀ ਗਤੀ ਵੀ ਘੱਟ ਹੁੰਦੀ ਜਾਂਦੀ ਹੈ।

10. **ਪਾਚਨ ਪ੍ਰਣਾਲੀ:** ਕਿਸ਼ੋਰ ਅਵਸਥਾ ਵਿੱਚ ਪਾਚਨ ਪ੍ਰਣਾਲੀ ਵਿੱਚ ਵੀ ਕਾਫੀ ਤਬਦੀਲੀ ਆਉਂਦੀ ਹੈ।

### 1.3.5.2 ਕਿਸ਼ੋਰ ਅਵਸਥਾ ਵਿੱਚ ਮਾਨਸਿਕ ਵਿਕਾਸ (Mental development in adolescence)

ਕਿਸ਼ੋਰ ਅਵਸਥਾ ਵਿੱਚ ਬੱਚੇ ਦਾ ਮਾਨਸਿਕ ਵਿਕਾਸ ਅੱਗੇ ਲਿਖੇ ਅਨੁਸਾਰ ਹੁੰਦਾ ਹੈ:

1. **ਬੁੱਧੀ ਦਾ ਵਿਕਾਸ:** ਕਿਸ਼ੋਰ ਅਵਸਥਾ ਵਿੱਚ ਸਿੱਖਿਆਰਥੀ ਦੀ ਬੁੱਧੀ ਦਾ ਵੱਧ ਤੋਂ ਵੱਧ ਵਿਕਾਸ ਹੁੰਦਾ ਹੈ। ਤਰਕਪੂਰਨ ਚਿੰਤਨ, ਭਾਵਾਤਮਕ ਵਿਵੇਕ ਅਤੇ ਇਕਾਗਰਤਾ ਵਰਗੀਆਂ ਮਾਨਸਿਕ ਵਿਸ਼ੇਸ਼ਤਾਵਾਂ ਇਸੇ ਅਵਸਥਾ ਵਿੱਚ ਪੈਦਾ ਹੁੰਦੀਆਂ ਹਨ। ਇਸ ਅਵਸਥਾ ਵਿੱਚ ਬੁੱਧੀ ਆਪਣੇ ਸਿਖਰ ਤੇ ਪਹੁੰਚ ਜਾਂਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸ਼ਿਸ਼ੂਕਾਲ ਇੰਦਰੀ ਬੋਧ ਅਵਸਥਾ ਹੈ। ਬਚਪਨ ਯਾਦ ਕਰਨ ਅਤੇ ਸੰਗ੍ਰਿਹ ਕਰਨ ਦੀ ਅਵਸਥਾ ਹੈ ਪਰ ਕਿਸ਼ੋਰ ਅਵਸਥਾ ਪੂਰਨ ਚਿੰਤਨ, ਵਿਵੇਕਸ਼ੀਲਤਾ ਅਤੇ ਡੂੰਘੇ ਵਿਚਾਰਾਂ ਦੀ ਅਵਸਥਾ ਹੁੰਦੀ ਹੈ। ਸਿੱਖਿਆਰਥੀ ਦੀ ਦਲੀਲ ਸ਼ਕਤੀ ਦਾ ਵਿਕਾਸ ਹੋਣ ਕਰਕੇ ਉਹ ਪ੍ਰਸ਼ਨਾਂ ਦਾ ਵਿਗਿਆਨਕ ਉੱਤਰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਉਸ ਦੀ ਆਲੋਚਨਾਤਮਕ ਅਤੇ ਨਿਰੀਖਣ ਸ਼ਕਤੀ ਦਾ ਵਿਕਾਸ ਹੁੰਦਾ ਹੈ।

2. **ਯਾਦ ਸ਼ਕਤੀ ਦਾ ਵਿਕਾਸ:** ਕਿਸ਼ੋਰ ਅਵਸਥਾ ਵਿੱਚ ਯਾਦ ਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ ਅਤੇ ਇਹ ਸ਼ਕਤੀ ਤਰਕ ਪੂਰਣ ਢੰਗ ਨਾਲ ਕੰਮ ਕਰਨ ਲੱਗਦੀ ਹੈ। ਹੋਰ ਅਵਸਥਾਵਾਂ ਨਾਲੋਂ ਇਸ ਅਵਸਥਾ ਵਿੱਚ ਯਾਦ-ਸ਼ਕਤੀ ਚੰਗੀ ਹੁੰਦੀ ਹੈ।

3. **ਕਲਪਨਾ ਦਾ ਵਿਕਾਸ:** ਕਿਸ਼ੋਰ ਅਵਸਥਾ ਵਿੱਚ ਸਿੱਖਿਆਰਥੀ ਦੀ ਕਲਪਨਾ ਸ਼ਕਤੀ ਬਹੁਤ ਹੁੰਦੀ ਹੈ। ਲੇਖਕ, ਕਲਾਕਾਰ, ਸੰਗੀਤਕਾਰ, ਕਵੀ ਅਤੇ ਦਾਰਸ਼ਨਿਕ ਇਸੇ ਅਵਸਥਾ ਵਿੱਚ ਪੈਦਾ ਹੁੰਦੇ ਹਨ।

4. **ਨਾਇਕ ਪੂਜਾ:** ਕਿਸ਼ੋਰ ਅਵਸਥਾ ਵਿੱਚ ਨਾਇਕ ਪੂਜਾ ਬਹੁਤ ਹੀ ਅਹਿਮ ਸਥਾਨ ਰੱਖਦੀ ਹੈ। ਕਿਸ਼ੋਰ ਆਪਣੇ ਆਦਰਸ਼ ਪੁਰਖ ਜਾਂ ਆਦਰਸ਼ ਨਾਰੀ ਦੀ ਪੂਜਾ ਕਰਦੇ ਹਨ। ਉਸ ਦੇ ਅਨੁਕੂਲ ਬਣਨ ਦੀ ਕੋਸ਼ਿਸ਼ ਕਰਦੇ ਹਨ। ਇਹ ਨਾਇਕ ਰਾਜਸੀ ਜਾਂ ਧਾਰਮਿਕ ਨੇਤਾ ਵੀ ਹੋ ਸਕਦਾ ਹੈ ਅਤੇ ਕਲਾਕਾਰ, ਵਿਗਿਆਨੀ ਜਾਂ ਅਧਿਆਪਕ ਵੀ ਹੋ ਸਕਦਾ ਹੈ।

5. **ਰੁਚੀਆਂ ਦਾ ਵਿਸਥਾਰ:** ਕਿਸ਼ੋਰਾਂ ਦੀਆਂ ਕੁੱਝ ਰੁਚੀਆਂ ਇਸ ਪ੍ਰਕਾਰ ਹੁੰਦੀਆਂ ਹਨ। ਖੇਡਾਂ ਵਿੱਚ ਰੁਚੀ, ਸਮਾਜਿਕ ਰੁਚੀਆਂ, ਵਿਅਕਤੀਗਤ ਰੁਚੀਆਂ, ਪੇਸ਼ੇਵਰ ਰੁਚੀਆਂ, ਲਿੰਗ ਰੁਚੀਆਂ ਆਦਿ। ਕਿਸ਼ੋਰ ਆਪਣੇ ਭਵਿੱਖ ਅਤੇ ਅਪਣਾਏ ਜਾਣ ਵਾਲੇ ਪੇਸ਼ੇ ਪ੍ਰਤੀ ਗੰਭੀਰਤਾ ਨਾਲ ਸੋਚਦੇ ਹਨ। ਉਹ ਪੈਸੇ ਪ੍ਰਤੀ ਵਿਸ਼ੇਸ਼ ਰੁਚੀ ਦਿਖਾਉਂਦੇ ਹਨ। ਕਿਸ਼ੋਰ ਉਮਰ ਵਿੱਚ ਉਹ ਆਪਣੇ ਆਪ ਨੂੰ ਸੁੰਦਰ ਬਣਾਉਣ ਵਿੱਚ ਵੀ ਦਿਲਚਸਪੀ ਲੈਂਦੇ ਹਨ।

### 1.3.5.3 ਕਿਸ਼ੋਰ ਅਵਸਥਾ ਵਿੱਚ ਭਾਵਨਾਤਮਕ ਵਿਕਾਸ (Emotional development in adolescence)

ਸ਼ੁਰੂ-ਸ਼ੁਰੂ ਵਿੱਚ ਬੱਚੇ ਦੀ ਸ੍ਵੈ-ਧਾਰਨਾ ਸਥਿਰ ਨਹੀਂ ਹੁੰਦੀ। ਉਹ ਆਪਣੇ ਆਪ ਨੂੰ ਆਪਣੇ ਪਰਿਵਾਰ ਦਾ ਮੈਂਬਰ, ਸਕੂਲ ਦਾ ਬੱਚਾ, ਇੱਕ ਦੋਸਤ ਸਮਝਦਾ ਹੈ ਅਤੇ ਉਸ ਸਮੇਂ ਉਸ ਵਿੱਚ ਭਵਿੱਖ ਲਈ ਅਭਿਲਾਸ਼ਾ ਹੁੰਦੀ ਹੈ ਅਤੇ ਸ਼ਾਇਦ ਆਪਣੇ ਆਪ ਲਈ ਸ਼ਾਨ, ਸ਼ੁਹਰਤ ਅਤੇ ਪੈਸੇ ਦੀ ਆਸ਼ਾ ਰੱਖਦਾ ਹੈ ਅਤੇ ਕਿਸੇ ਅਜਿਹੇ ਵਿਅੱਕਤੀ, ਜਿਸ ਦੀ ਉਹ ਪ੍ਰਸੰਸਾ ਕਰਦਾ ਹੈ ਅਤੇ ਉਸ ਜਿਹਾ ਬਣਨਾ ਚਾਹੁੰਦਾ ਹੈ ਜਿਵੇਂ ਕਿ ਮਾਪੇ, ਅਧਿਆਪਕ, ਕੋਈ ਬਜ਼ੁਰਗ ਜਾਂ ਦੋਸਤ ਦੀ ਜ਼ਿੰਦਗੀ ਦਾ ਰਵੱਈਆ ਅਪਨਾਉਣਾ ਚਾਹੁੰਦਾ ਹੈ। ਕਈ ਸਿਧਾਂਤਵਾਦੀ ਕਿਸ਼ੋਰ ਅਵਸਥਾ ਨੂੰ ਅਜਿਹੀ ਅਵਸਥਾ ਮੰਨੇਦੇ ਹਨ ਜਦੋਂ ਨੌਜਵਾਨ ਵਿਅੱਕਤੀ ਇਸ ਵਿਆਪਕ ਅਤੇ ਉਲਝੀ ਹੋਈ ਸ੍ਵੈ -ਤਸਵੀਰ ਨੂੰ ਇੱਕ ਸਥਿਤ ਪਹਿਚਾਣ ਵਿੱਚ ਵਿਲੀਨ ਕਰ ਦਿੰਦੇ ਹਨ। ਐਰੀਕਸ਼ਨ ਕਿਯੋਰ ਅਵਸਥਾ ਨੂੰ ਇੱਕ ਅਜਿਹਾ ਪੀਰੀਅਡ ਮੰਨਦਾ ਹੈ ਜਦੋਂ ਨੌਜਵਾਨ ਪਹਿਚਾਣ-ਸੰਕਟ ਵਿੱਚ ਗੁਜ਼ਰਦੇ ਹਨ। ਜਿਸ ਦੌਰਾਨ ਉਹ ਜ਼ਿੰਦਗੀ ਦੇ ਹਰ ਖੇਤਰ ਜਿਵੇਂ ਭਾਵਾਤਮਕ,

ਸਮਾਜਿਕ, ਵਿਵਸਾਇਕ ਆਦਿ ਵਿੱਚ ਆਪਣਾ ਸਥਾਨ ਬਣਾਉਣਾ ਚਾਹੁੰਦੇ ਹਨ। ਐਰੀਕਸ਼ਨ ਅਨੁਸਾਰ ਪਹਿਚਾਣ ਦੀ ਪ੍ਰਾਪਤੀ ਦੀ ਜੜ੍ਹ ਬੁਨਿਆਦੀ ਤੌਰ ਤੇ ਇੱਕ ਵਿਸ਼ੇਸ਼ ਅਵਸਥਾ, ਕਿਸ਼ੋਰ ਅਵਸਥਾ ਵਿੱਚ ਹੀ ਹੁੰਦੀ ਹੈ।

ਜਿਵੇਂ ਹੀ ਬੱਚਾ ਕਿਸ਼ੋਰ ਅਵਸਥਾ ਵਿੱਚ ਦਾਖਲ ਹੁੰਦਾ ਹੈ ਤਦ ਉਹ ਸਾਰੀ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੰਦਾ ਹੈ ਜੋ ਉਸਨੂੰ ਆਪਣੇ ਬਾਰੇ ਹੁੰਦੀ ਹੈ ਅਤੇ ਘਰ, ਸਕੂਲ, ਦੋਸਤਾਂ ਨਾਲ ਅਤੇ ਆਪਣੇ ਨਾਲ ਉਸਦਾ ਵਿਵਹਾਰ ਸਭ ਇੱਕ ਤਸਵੀਰ ਵਿੱਚ ਵਿਲੀਨ ਹੋਣਾ ਸ਼ੁਰੂ ਹੋ ਜਾਂਦਾ ਹੈ।

ਐਂਗਲ ਦੀਆਂ ਖੋਜਾਂ ਅਨੁਸਾਰ 13 ਤੋਂ 15 ਸਾਲ ਦੀ ਉਮਰ ਵਿੱਚ ਕਿਸ਼ੋਰ ਸ੍ਵੈ-ਸਾਧਨਾਂ ਵਿੱਚ ਸਥਿਰਤਾ ਦਰਸਾਉਂਦੇ ਹਨ। ਖੋਜਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਨਕਾਰਾਤਮਕ ਸ੍ਵੈ-ਧਾਰਨਾ ਦੇ ਮੁਕਾਬਲੇ ਸਕਾਰਾਤਮਕ ਸ੍ਵੈ-ਧਾਰਨਾ ਵਾਲੇ ਕਿਸ਼ੋਰ ਵਿੱਚ ਜ਼ਿਆਦਾ ਸਥਿਰਤਾ ਹੁੰਦੀ ਹੈ। ਖੋਜਾਂ ਨੇ ਦਰਸਾਇਆ ਹੈ ਕਿ ਕਿਸ਼ੋਰ ਵਿੱਚ ਸਿਰਬ ਸਥਿਰ ਸ੍ਵੈ-ਧਾਰਨਾ ਹੀ ਨਹੀਂ ਸਗੋਂ ਉਹਨਾਂ ਵਿੱਚ ਉਸ ਢੰਗ ਦੀ ਵਿਆਖਿਆ ਕਰਨ ਦੀ ਵੀ ਸਮਰੱਥਾ ਹੈ ਜੋ ਉਹ ਦੂਸਰਿਆਂ ਲਈ ਅਪਨਾਉਣਾ ਚਾਹੁੰਦੇ ਹਨ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਸ ਪ੍ਰਕਾਰ ਦੀ ਸ੍ਵੈ-ਧਾਰਨਾ ਕਿਸ਼ੋਰਾਂ ਨੂੰ ਬਚਪਨ ਤੋਂ ਬਾਲਗ ਅਵਸਥਾ ਤੱਕ ਬਦਲ ਰਹੇ ਭਾਵਾਤਮਕ ਅਤੇ ਸਮਾਜਿਕ ਦਬਾਓ ਪ੍ਰਤੀ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਯੋਗ ਬਣਾਉਂਦੀ ਹੈ।

ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਢੁੱਕਵੀਂ ਸ੍ਵੈ-ਧਾਰਨਾ, ਸ੍ਵੈ-ਸਨਮਾਨ, ਦੇ ਸਿਹਤਮੰਦ ਪਰ ਵਾਸਤਵਿਕ ਦਰਜੇ ਤੇ ਨਿਰਭਰ ਹੈ। ਸ੍ਵੈ-ਧਾਰਨਾ ਵਿੱਚ ਮਨ-ਸੰਤਾਪੀ ਘੁਮੰਡ ਅਤੇ ਅਵਾਸਤਵਿਕ ਡਰ ਹੋਣੇ ਚਾਹੀਦੇ ਹਨ। ਵਿਅਕਤੀ ਨੂੰ ਜ਼ਿੰਦਗੀ ਪ੍ਰਤੀ ਕ੍ਰਿਆ ਕਰਦੇ ਹੋਏ ਦੂਸਰੇ ਵਿਅੱਕਤੀਆਂ ਦੀ ਤਰ੍ਹਾਂ ਚੰਗੇਪਨ ਦੀ ਭਾਵਨਾ ਹੋਣੀ ਚਾਹੀਦੀ ਹੈ।

ਬਚਪਨ ਦੌਰਾਨ ਜੇ ਬੱਚੇ ਨੂੰ ਇਹ ਭਰੋਸਾ ਹੋ ਜਾਵੇ ਕਿ ਜ਼ਰੂਰਤ ਪੈਣ ਤੇ ਉਸਨੂੰ ਸੁਰੱਖਿਆ ਮਿਲ ਸਕਦੀ ਹੈ ਜੇ ਉਹ ਸੰਸਾਰ ਬਾਰੇ ਸਿੱਖ ਜਾਏ ਅਤੇ ਦੂਸਰੇ ਵਿਅੱਕਤੀ ਨਾਲ ਕ੍ਰਿਆ ਕਰਨ ਦੀ ਯੋਗਤਾ ਪ੍ਰਾਪਤ ਹੋ ਜਾਏ ਅਤੇ ਜੇ ਵਿਦਿਅਕ ਅਤੇ ਹੋਰ ਨਿਪੁੰਨਤਾਵਾਂ ਪ੍ਰਾਪਤ ਹੋ ਜਾਣ ਅਤੇ ਜੇ ਉਸਨੂੰ ਆਪਣੇ ਆਪ ਨੂੰ ਇੱਕ ਪ੍ਰਭਾਵਸ਼ਾਲੀ ਅਤੇ ਆਜ਼ਾਦ ਵਿਅੱਕਤੀ ਸਮਝਣ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਉਹ ਜ਼ਿੰਦਗੀ ਦੇ ਸਮਾਜਿਕ ਅਤੇ ਭਾਵਾਤਮਕ ਪੱਖਾਂ ਨਾਲ ਨਜਿੱਠਣ ਦੀ ਯੋਗਤਾ ਨਾਲ ਕਿਸ਼ੋਰ ਅਵਸਥਾ ਵਿੱਚ ਦਾਖਲ ਹੁੰਦਾ ਹੈ। ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਉਹ ਸ੍ਵੈ-ਸਨਮਾਨ ਦਾ ਪੱਧਰ ਪ੍ਰਾਪਤ ਕਰ ਲੈਂਦਾ ਹੈ। ਜਿਸ ਨਾਲ ਉਹ ਜ਼ਿੰਦਗੀ ਦੀਆਂ ਚੁਣੋਤੀਆਂ ਨਾਲ ਨਜਿੱਠਣ ਦੇ ਯੋਗ ਹੋ ਜਾਂਦਾ ਹੈ ਅਤੇ ਬਾਲਗ ਅਵਸਥਾ ਦੌਰਾਨ ਬੁਨਿਆਦੀ ਜ਼ਰੂਰਤਾਂ ਦਾ ਅਨੁਭਵ ਹੁੰਦਾ ਹੈ ਪ੍ਰੰਤੂ ਪਿਆਰ ਅਤੇ ਸੁਰੱਖਿਆ ਦੀ ਲੋੜ ਕੁਝ ਹੱਦ ਤੱਕ ਸੰਸ਼ੋਧਿਤ ਹੁੰਦੀ ਹੈ ਜੋ ਇੱਕ ਤੋਂ ਦੂਸਰੇ ਸਭਿਆਚਾਰ ਵਿੱਚ ਵੱਖ-ਵੱਖ ਹੁੰਦੀ ਹੈ। ਦੀ ਯੋਗਤਾ ਨਾਲ ਕਿਸ਼ੋਰ ਅਵਸਥਾ ਵਿੱਚ ਦਾਖਲ ਹੁੰਦਾ ਹੈ। ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਉਹ ਸ੍ਵੈ-ਸਨਮਾਨ ਦਾ ਪੱਧਰ ਪ੍ਰਾਪਤ ਕਰ ਲੈਂਦਾ ਹੈ। ਜਿਸ ਨਾਲ ਉਹ ਜ਼ਿੰਦਗੀ ਦੀਆਂ ਚੁਣੋਤੀਆਂ ਨਾਲ ਨਜਿੱਠਣ ਦੇ ਯੋਗ ਹੋ ਜਾਂਦਾ ਹੈ ਅਤੇ ਬਾਲਗ ਅਵਸਥਾ ਦੌਰਾਨ ਬੁਨਿਆਦੀ ਜ਼ਰੂਰਤਾਂ ਦਾ ਅਨੁਭਵ ਹੁੰਦਾ ਹੈ ਪ੍ਰੰਤੂ ਪਿਆਰ ਅਤੇ ਸੁਰੱਖਿਆ ਦੀ ਲੋੜ ਕੁਝ ਹੱਦ ਤੱਕ ਸੰਸ਼ੋਧਿਤ ਹੁੰਦੀ ਹੈ ਜੋ ਇੱਕ ਤੋਂ ਦੂਸਰੇ ਸਭਿਆਚਾਰ ਵਿੱਚ ਵੱਖ-ਵੱਖ ਹੁੰਦੀ ਹੈ।

### 1.3.5.4 ਕਿਸ਼ੋਰ ਅਵਸਥਾ ਵਿੱਚ ਸਮਾਜਿਕ ਵਿਕਾਸ (Social development in adolescence)

ਬਚਪਨ ਤੋਂ ਕਿਸ਼ੋਰ ਅਵਸਥਾ ਤੱਕ ਤਬਦੀਲੀ ਅਚਨਚੇਤ ਨਹੀਂ ਹੁੰਦੀ ਸਗੋਂ ਇਹ ਇੱਕ ਸਿਲਸਿਲੇਵਾਰ ਪ੍ਰਿਕ੍ਰਿਆ ਹੈ। ਜਦੋਂ ਤੱਕ ਬੱਚਾ 13-14 ਸਾਲ ਦੀ ਉਮਰ ਤੱਕ ਪਹੁੰਚਦਾ ਹੈ ਉਦੋਂ ਤੱਕ ਉਹ ਆਪਣੇ ਅਤੇ ਦੂਸਰਿਆਂ ਪ੍ਰਤੀ ਕੁੱਝ ਰਵੱਈਆ ਵਿਕਸਿਤ ਕਰ ਲੈਂਦਾ ਹੈ। ਕੁੱਝ ਵੱਧ ਰਹੀਆਂ ਪ੍ਰਕ੍ਰਿਆਵਾਂ ਸਿਰਫ਼ ਯੁਵਾ ਕਿਸ਼ੋਰਾਂ ਦੇ ਅਨੁਭਵਾਂ ਵਿੱਚ ਤਬਦੀਲੀ ਲਿਆਉਣ ਲਈ ਕੰਮ ਨਹੀਂ ਕਰਦੀਆਂ ਸਗੋਂ ਉਸਦੇ ਸਮਾਜਿਕ ਸੰਬੰਧਾਂ ਤੇ ਵੀ ਅਸਰ ਪਾਉਂਦੀਆਂ ਹਨ।

ਕੁੱਝ ਨੌਜਵਾਨ ਵਿਅੱਕਤੀ ਆਪਣੀ ਉਮਰ ਅਨੁਸਾਰ ਆਸ ਕੀਤੇ ਜਾਣ ਵਾਲੇ ਦਰਜੇ ਤੋਂ ਸਮਾਜਿਕ ਵਿਕਾਸ ਦਾ ਵੱਧ ਦਰਜਾ ਦਰਸਾਉਂਦੇ ਹਨ। ਕੁੱਝ ਵਿਅੱਕਤੀ ਆਪਣੀ ਉਮਰ ਅਨੁਸਾਰ ਇੱਛਿਤ ਸਮਾਜਿਕ ਪ੍ਰਪੱਕਤਾ ਪ੍ਰਾਪਤ ਕਰਨਾ ਮੁਸ਼ਕਿਲ ਸਮਝਦੇ ਹਨ। ਨੌਜਵਾਨ ਵਿਅੱਕਤੀਆਂ ਵਿੱਚ ਸਮਾਜਿਕ ਪ੍ਰਭਾਵਸ਼ੀਲਤਾ ਦੀ ਵੱਖ-ਵੱਖ ਦਰਜੇ ਤੇ ਵਿਕਾਸ ਵਿੱਚ ਕਈ ਕਾਰਣ ਕ੍ਰਿਆ ਕਰਦੇ ਹਨ। ਕਿਸ਼ੋਰ ਅਵਸਥਾ ਇੱਕ ਆਧਾਰ ਪ੍ਰਦਾਨ ਕਰਦੀ ਹੈ। ਜਿੱਥੇ ਇੱਕ ਨੌਜਵਾਨ ਵਿਅੱਕਤੀ ਦੀ ਆਪਣੇ ਰਵੱਈਏ ਅਤੇ ਵਿਵਹਾਰ ਵਿੱਚ ਤਬਦੀਲੀ ਕਰਨ ਲਈ ਅਗਵਾਈ ਕੀਤੀ ਜਾ

ਸਕਦੀ ਹੈ ਜੋ ਉਸਨੂੰ ਸੰਸਾਰ ਬਾਰੇ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਰ ਕਰਵਾ ਕੇ ਬਾਲਗ ਅਵਸਥਾ ਵਿੱਚ ਦਾਖਲ ਹੋਣ ਲਈ ਸਹਾਇਤਾ ਕਰਦੀ ਹੈ। ਸਮਾਜੀਕਰਣ ਦੇ ਬਾਲਗ ਨਮੂਨੇ ਦਾ ਉਦੇਸ਼ ਬਣਾਉਣ ਲਈ ਕਿਸ਼ੋਰ ਨੂੰ ਕਈ ਨਵੇਂ ਸਮਾਯੋਜਨ ਕਰਨੇ ਪੈਂਦੇ ਹਨ। ਉਸਨੂੰ ਆਪਣੇ ਗਰੁੱਪ ਦੇ ਵੱਧ ਰਹੇ ਪ੍ਰਭਾਵ, ਸਮਾਜਿਕ ਵਿਵਹਾਰ ਵਿੱਚ ਤਬਦੀਲੀਆਂ, ਨਵੇਂ ਸਮਾਯੋਗ ਗਰੁੱਪ, ਦੋਸਤਾਂ ਅਤੇ ਲੀਡਰਾਂ ਦੀ ਚੋਣ ਵਿੱਚ ਨਵੀਆਂ ਕਦਰਾਂ-ਕੀਮਤਾਂ, ਸਮਾਜਿਕ ਸਵੀਕ੍ਰਿਤੀ ਅਤੇ ਅਸਵੀਕ੍ਰਿਤੀ ਨਾਲ ਸਮਾਯੋਜਨ ਕਰਨਾ ਪੈਂਦਾ ਹੈ।

ਕਈ ਮਨੋਵਿਗਿਆਨੀਆਂ ਨੇ ਇਸ ਪੜਾਅ ਨੂੰ ਤਣਾਉ ਦੇ ਰੂਪ ਵਿੱਚ ਵਿਚਾਰਿਆ ਹੈ। ਅਤੇ ਇਹ ਵਿਚਾਰਧਾਰਾ ਇਸ ਤੱਥ ਨੂੰ ਮੰਨ ਕੇ ਚਲਦੀ ਹੈ ਕਿ ਕਿਸ਼ੋਰ ਅਵਸਥਾ ਬੜੀ ਤੀਬਰਤਾ ਨਾਲ ਇੱਕ ਤੋਂ ਦੂਜੇ ਪਾਸੇ ਵੱਲ ਰੁਖ ਅਪਣਾਉਂਦੀ ਹੈ। ਪੀੜ੍ਹੀਆਂ ਵਿੱਚ ਵਿੱਥ ਦੀ ਸਮੱਸਿਆ ਇਸ ਪੜਾਅ ਤੇ ਸ਼ੁਰੂ ਹੁੰਦੀ ਹੈ ਅਤੇ ਮਾਪੇ, ਅਧਿਆਪਕ ਅਤੇ ਕਿਸ਼ੋਰ ਇੱਕ ਦੂਜੇ ਨੂੰ ਸਮਝਣ ਵਿੱਚ ਕਠਿਨਾਈ ਮਹਿਸੂਸ ਕਰਦੇ ਹਨ।

### 1.3.5.5 ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ (Problems in adolescence Period)

ਕਿਸ਼ੋਰ ਅਵਸਥਾ ਵਿੱਚ ਵਿਕਾਸ ਦਾ ਪੱਖ ਤੇ ਬਹੁਤ ਤਬਦੀਲੀਆਂ ਹੁੰਦੀਆਂ ਹਨ। ਇਸ ਲਈ ਕਿਸ਼ੋਰ ਮੁੰਡੇ ਕੁੜੀਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੇਂ ਨੂੰ ਤਣਾਉ ਅਤੇ ਦਬਾਉ ਦਾ ਸਮਾਂ ਵੀ ਕਿਹਾ ਜਾਂਦਾ ਹੈ ਕਿਉਂਕਿ ਕਿਸ਼ੋਰਾਂ ਨੂੰ ਕਈ ਪ੍ਰੇਸ਼ਾਨੀਆਂ ਅਤੇ ਤਕਲੀਫ਼ਾਂ ਆਉਂਦੀਆਂ ਹਨ। ਬਹੁਤ ਸਾਰੇ ਮਨੋਵਿਗਿਆਨੀਆਂ ਨੇ ਕਿਸ਼ੋਰਾਂ ਦੀਆਂ ਸਮੱਸਿਆਵਾਂ ਦਾ ਬਹੁਤ ਗਹੁ ਨਾਲ ਅਧਿਐਨ ਕੀਤਾ ਹੈ। ਕਿਸ਼ੋਰ ਮੁੰਡੇ ਅਤੇ ਕੁੜੀਆਂ ਦੀਆਂ ਸਮੱਸਿਆਵਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ।:

1. **ਸਮਾਯੋਜਕ ਸਮੱਸਿਆਵਾਂ (Adjustment Problems) :**ਕਿਸ਼ੋਰਾਂ ਨੂੰ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਕਰਕੇ ਆਪਣੇ ਪਰਿਵਾਰ ਅਤੇ ਸਮਾਜ ਪ੍ਰਤੀ ਨਵੀਂ ਸਮਾਯੋਜਨਾ ਕਰਨੀ ਪੈਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ:

(ੳ) ਸਰੀਰ ਵਿੱਚ ਬੇਢਬੇ ਵਾਧੇ ਕਰਕੇ ਮੁੰਡੇ ਅਤੇ ਕੁੜੀਆਂ ਆਪਣੇ ਸਰੀਰਕ ਸ਼ਕਲਾਂ ਸੰਬੰਧੀ ਬਹੁਤ ਚਿੰਤਤ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਈ ਪ੍ਰੇਸ਼ਾਨੀਆਂ ਆਉਂਦੀਆਂ ਹਨ, ਕਿਉਂਕਿ ਚੰਗੀ ਸਰੀਰਕ ਸਿਹਤ ਸਮਾਜਿਕ ਸਮਾਯੋਜਨਾ ਲਈ ਬਹੁਤ ਜ਼ਰੂਰੀ ਹੈ।

(ਅ) ਮਾਨਸਿਕ ਵਿਕਾਸ ਹੋਣ ਕਰਕੇ ਕਿਸ਼ੋਰ ਦੂਜੇ ਦੇ ਨੁਕਸ ਅਤੇ ਦੂਜਿਆਂ ਦੀ ਨੁਕਤਾਚੀਨੀ ਜ਼ਿਆਦਾ ਕਰਦਾ ਹੈ। ਸਮਾਜ ਵਿੱਚ ਬਹੁਤ ਜ਼ਿਆਦਾ ਮੁਕਾਬਲਾ ਹੋਣ ਕਾਰਨ ਉਸ ਨੂੰ ਸਮਾਯੋਜਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

(ੲ) ਕਿਸ਼ੋਰਾਂ ਵਿੱਚ ਸਰੀਰਕ ਬਣਤਰ ਵਿੱਚ ਤਬਦੀਲੀ ਕਾਰਨ ਕਈ ਤਰ੍ਹਾਂ ਦੀਆਂ ਭਾਵਾਤਮਕ ਪ੍ਰੇਸ਼ਾਨੀਆਂ ਆਉਂਦੀਆਂ ਹਨ।

(ਸ) ਕਈ ਵਾਰ ਕੁੱਝ ਕਿਸ਼ੋਰ ਵੱਧਦੀਆਂ ਲੋੜਾਂ ਕਾਰਨ ਆਪਣੇ ਘਰੇਲੂ ਹਾਲਾਤ ਵਿੱਚ ਆਪਣੇ ਆਪ ਨੂੰ ਸਮਾਯੋਜਿਤ ਨਹੀਂ ਕਰ ਸਕਦੇ ਕਿਉਂਕਿ ਮਾਪੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦੇ।

(ਹ) ਸਮਾਜਿਕ ਮੰਗਾਂ ਬਹੁਤ ਹੋਣ ਕਾਰਨ ਕਈ ਵਾਰ ਕਈ ਕਿਸ਼ੋਰ ਸਮਾਜ ਦੇ ਰਸਮੋ-ਰਿਵਾਜ਼ਾਂ ਦੀ ਉਲੰਘਣਾ ਕਰਦੇ ਹਨ ਅਤੇ ਉਨ੍ਹਾਂ ਨੂੰ ਸਮਾਜ ਨਾਲ ਸਮਾਯੋਜਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

2. **ਘਰੇਲੂ ਸਮੱਸਿਆਵਾਂ (Problems related to family):** ਇਸ ਉਮਰ ਵਿੱਚ ਬਹੁਤ ਸਾਰੇ ਕਿਸ਼ੋਰ ਮੁੰਡੇ ਕੁੜੀਆਂ ਹਰ ਕੰਮ ਵਿੱਚ ਪੂਰਨ ਆਜ਼ਾਦੀ ਚਾਹੁੰਦੇ ਹਨ, ਪਰੰਤੂ ਮਾਪੇ ਉਨ੍ਹਾਂ ਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਗਾ ਦਿੰਦੇ ਹਨ ਜਿਸ ਕਾਰਨ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਬਹੁਤ ਸਾਰੇ ਮਾਪੇ ਕੁੜੀਆਂ ਨੂੰ ਖਾਸ ਤੌਰ ਅਤੇ ਪਿੰਡਾਂ ਵਿੱਚ, ਘਰ ਤੋਂ ਬਾਹਰ ਨਹੀਂ ਜਾਣ ਦਿੰਦੇ। ਮਾਪੇ ਕਿਸ਼ੋਰਾਂ ਨੂੰ ਬੱਚਿਆਂ ਵਾਂਗ ਹੀ ਸਮਝਦੇ ਹਨ। ਉਹ ਉਨ੍ਹਾਂ ਨਾਲ ਕਿਸੇ ਮਾਮਲੇ ਤੇ ਸਿੱਧਾ ਵਿਚਾਰ ਵਟਾਂਦਰਾ ਨਹੀਂ ਕਰਦੇ ਕਿਉਂਕਿ ਉਨ੍ਹਾਂ ਵਿਚਕਾਰ ਸਮਝ ਦੀ ਘਾਟ ਹੁੰਦੀ ਹੈ। ਮਾਪੇ ਆਪਣੇ ਮੁੰਡੇ ਕੁੜੀਆਂ ਦੀਆਂ ਪ੍ਰਾਪਤੀਆਂ ਲਈ ਵੱਡੀਆਂ ਆਸ਼ਾਵਾਂ ਨੂੰ ਉੱਚੀਆਂ ਅਭਿਲਾਸ਼ਾਵਾਂ ਬਣਾਂਦੇ ਹਨ। ਜਦੋਂ ਉਹ ਆਪਣੇ ਮਾਪਿਆਂ ਦੀਆਂ ਖ਼ਾਹਿਸ਼ਾਂ ਦੇ ਬਰਾਬਰ ਨਹੀਂ ਪੁੱਜਦੇ ਤਾਂ ਘਰ ਵਿੱਚ ਕਲੇਸ਼ ਪੈਦਾ ਹੁੰਦਾ ਹੈ। ਫਿਰ ਉਨ੍ਹਾਂ

ਵਿਚਕਾਰ ਲੜਾਈ ਝਗੜੇ ਹੁੰਦੇ ਰਹਿੰਦੇ ਹਨ ਜਿਸ ਕਰਕੇ ਘਰ ਦੀ ਸ਼ਾਂਤੀ ਭੰਗ ਹੁੰਦੀ ਹੈ। ਅਜਿਹੀ ਹਾਲਤ ਵਿੱਚ ਬਹੁਤ ਸਾਰੇ ਕਿਸ਼ੋਰ ਘਰੋਂ ਭੱਜਦੇ ਹਨ ਅਤੇ ਬਾਹਰ ਆਸਰਾ ਲੈਂਦੇ ਹਨ।

3. **ਸਕੂਲੀ ਸਮੱਸਿਆਵਾਂ (Problems related to school):** ਬਹੁਤ ਸਾਰੇ ਕਿਸ਼ੋਰਾਂ ਨੂੰ ਸਕੂਲ ਨਾਲ ਸੰਬੰਧਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਸਕੂਲਾਂ ਵਿੱਚ ਕਈ ਵਾਰ ਅਧਿਆਪਕ ਬਹੁਤ ਸਖ਼ਤ, ਪਿਛਾਂਹ ਖਿੱਚੂ ਅਤੇ ਉਨ੍ਹਾਂ ਨੂੰ ਨਾ ਸਮਝਣ ਵਾਲੇ ਹੁੰਦੇ ਹਨ। ਉਨ੍ਹਾਂ ਦਾ ਵਤੀਰਾ ਆਪਣੇ ਵਿਦਿਆਰਥੀਆਂ ਵੱਲ ਹਮਦਰਦੀ ਅਤੇ ਪਿਆਰ ਵਾਲਾ ਨਹੀਂ ਹੁੰਦਾ ਹੈ। ਕਈਆਂ ਕੋਲ ਤਰਫਦਾਰੀ ਵਾਲਾ ਅਤੇ ਦੂਜਿਆਂ ਵੱਲ ਘਿਰਣਾ ਵਾਲਾ ਹੁੰਦਾ ਹੈ। ਉਹ ਕਿਸ਼ੋਰਾਂ ਦੀਆਂ ਰੁਚੀਆਂ ਦਾ ਵਿਕਾਸ ਕਰਨ ਲਈ ਕੋਈ ਸਹਾਇਤਾ ਨਹੀਂ ਕਰਦੇ। ਸਕੂਲ ਦਾ ਪਾਠਕ੍ਰਮ ਵੀ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਲੋੜ ਅਨੁਸਾਰ ਨਹੀਂ ਹੁੰਦਾ। ਉਨ੍ਹਾਂ ਨੂੰ ਸ੍ਵੈ-ਖੋਜ ਅਤੇ ਸ੍ਵੈ-ਪ੍ਰਗਟਾਵੇ ਲਈ ਕੋਈ ਮੌਕੇ ਨਹੀਂ ਦਿੱਤੇ ਜਾਂਦੇ। ਇਨ੍ਹਾਂ ਕਾਰਨਾਂ ਕਰਕੇ ਉਹ ਸਕੂਲ ਨੂੰ ਨਫ਼ਰਤ ਨਾਲ ਦੇਖਦੇ ਹਨ, ਉੱਥੋਂ ਭੱਜਣਾ ਚਾਹੁੰਦੇ ਹਨ ਅਤੇ ਆਪਣੀ ਪੜ੍ਹਾਈ ਦੇ ਸ਼ੌਂਕ ਖ਼ਤਮ ਕਰ ਲੈਂਦੇ ਹਨ।

4. **ਆਰਥਿਕ ਸਮੱਸਿਆਵਾਂ (Economic Problems) :**ਕਿਸ਼ੋਰਾਂ ਦੀਆਂ ਸਮੱਸਿਆਵਾਂ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਨਾਲ ਵੱਧਦੀਆਂ ਹਨ ਕਿਉਂਕਿ ਉਨ੍ਹਾਂ ਦੀਆਂ ਲੋੜਾਂ ਹੁੰਦੀਆਂ ਹਨ -ਇਸ ਲਈ ਉਨ੍ਹਾਂ ਨੂੰ ਪੈਸਾ ਚਾਹੀਦਾ ਹੁੰਦਾ ਹੈ। ਜੋ ਮਾਪਿਆਂ ਵੱਲੋਂ ਲੋੜ ਅਨੁਸਾਰ ਜੇਬ ਖਰਚ ਲਈ ਮਿਲ ਜਾਵੇ ਤਾਂ ਠੀਕ ਹੈ ਨਹੀਂ ਤਾਂ ਉਹ ਚੋਰੀ ਕਰਨਾ ਸ਼ੁਰੂ ਕਰ ਦਿੰਦੇ ਹਨ। ਮਾਪਿਆਂ ਤੋਂ ਬਾਰ-ਬਾਰ ਪੈਸੇ ਮੰਗਣ ਵਿੱਚ ਸ਼ਰਮ ਮਹਿਸੂਸ ਕਰਦੇ ਹਨ।

5. **ਵਿਵਸਾਇਕ ਸਮੱਸਿਆਵਾਂ (Occupational Problems):** ਭਾਰਤ ਵਿੱਚ ਬੇ-ਰੋਜ਼ਗਾਰੀ ਦੀ ਸਮੱਸਿਆ ਕਾਰਨ ਕਿਸ਼ੋਰ ਮੁੰਡੇ ਅਤੇ ਕੁੜੀਆਂ ਵਿੱਚ ਆਪਣੀ ਭਾਵੀ ਜ਼ਿੰਦਗੀ ਲਈ ਕਈ ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਆਪਣੀ ਪੜ੍ਹਾਈ ਖ਼ਤਮ ਕਰਨ ਪਿੱਛੋਂ ਆਪਣੇ ਭਵਿੱਖ ਦੇ ਕਿੱਤੇ ਲਈ ਅਸੁਰੱਖਿਅਤਾ ਹੁੰਦੀ ਹੈ। ਇਸ ਲਈ ਕਿਸ਼ੋਰ ਮੁੰਡੇ ਕੁੜੀਆਂ ਵਤਰਮਾਨ ਸਮਾਜਿਕ ਨਜ਼ਾਮ ਦੇ ਵਿਰੁੱਧ ਭੜਕਦੇ ਹਨ ਅਤੇ ਬਾਗੀ ਵੀ ਹੋ ਜਾਂਦੇ ਹਨ ਅਤੇ ਭੰਨ ਤੋੜ ਦੀਆਂ ਕ੍ਰਿਆਵਾਂ ਵਿੱਚ ਉਲਝ ਜਾਂਦੇ ਹਨ। ਇਹ ਬਦਕਿਸਮਤੀ ਹੈ ਕਿ ਸਾਡੇ ਦੇਸ਼ ਵਿੱਚ ਬਹੁਤ ਸਾਰੇ ਕਿਸ਼ੋਰ ਭਵਿੱਖਤ ਯੋਜਨਾ ਤੋਂ ਬਿਨ੍ਹਾਂ ਹੀ ਪੜ੍ਹਦੇ ਹਨ ਅਤੇ ਆਪਣਾ ਰੁਜ਼ਗਾਰ ਆਜ਼ਾਦੀ ਨਾਲ ਕਮਾਉਣ ਦੇ ਯੋਗ ਨਹੀਂ ਹੁੰਦੇ।

6. **ਮਿੱਤਰਤਾ ਦੀਆਂ ਸਮੱਸਿਆਵਾਂ (Problems realted to friends):** ਕਿਸ਼ੋਰ ਅਵਸਥਾ ਵਿੱਚ ਮੁੰਡੇ ਅਤੇ ਕੁੜੀਆਂ ਨੂੰ ਚੰਗੇ ਮਿੱਤਰ ਚਾਹੀਦੇ ਹਨ ਜਿਨ੍ਹਾਂ ਨਾਲ ਉਹ ਗੁਪਤ ਗੱਲਾਂ ਸਾਂਝੀਆਂ ਕਰ ਸਕਣ ਅਤੇ ਉਨ੍ਹਾਂ ਨਾਲ ਆਜ਼ਾਦੀ ਨਾਲ ਵਿਚਾਰ -ਵਟਾਂਦਰਾ ਕਰ ਸਕਣ। ਇਸ ਲਈ ਨਿਸ਼ਕਪਟ ਅਤੇ ਸੱਚੀ ਮਿੱਤਰਤਾ ਇਸ ਉਮਰ ਵਿੱਚ ਬਹੁਤ ਜ਼ਰੂਰੀ ਹੈ। ਮੁੰਡਿਆਂ ਨਾਲੋਂ ਕੁੜੀਆਂ ਵਿੱਚ ਮਿੱਤਰਤਾ ਭਾਵਾਤਮਿਕ ਤੌਰ 'ਤੇ ਜ਼ਿਆਦਾ ਹੁੰਦੀ ਹੈ।

7. **ਲਿੰਗੀ ਸਮੱਸਿਆਵਾਂ (Sex Problems):** ਇਸ ਸਮੇਂ ਲਿੰਗੀ ਅੰਗਾਂ ਦਾ ਬਹੁਤ ਜ਼ਿਆਦਾ ਵਿਕਾਸ ਹੋ ਚੁਕਾ ਹੁੰਦਾ ਹੈ। ਮੁੰਡਿਆਂ ਵਿੱਚ ਰਾਤ ਨੂੰ ਸੋਣ ਵੇਲੇ ਵੀਰਜ ਪਾਤ ਹੋਣਾ, ਡਰਾਉਣੇ ਸੁਪਨੇ ਆਉਣੇ ਆਦਿ ਉਨ੍ਹਾਂ ਨੂੰ ਘੁਬਰਾ ਦਿੰਦੇ ਹਨ ਇੰਜ ਹੀ ਕੁੜੀਆਂ ਵਿੱਚ ਮਹਾਂਵਾਰੀ ਵੇਲੇ ਖ਼ੂਨ ਦਾ ਆਉਣਾ ਇੱਕ ਭਿਆਨਕ ਤਜਰਬਾ ਹੁੰਦਾ ਹੈ ਜਿਹੜਾ ਉਨ੍ਹਾਂ ਨੂੰ ਚਿੰਤਤ ਕਰ ਦਿੰਦਾ ਹੈ ਅਤੇ ਉਨ੍ਹਾਂ ਵਿੱਚ ਕਈ ਤਰ੍ਹਾਂ ਦੇ ਡਰ, ਫਿਕਰ, ਚਿੰਤਾ ਦੀਆਂ ਭਾਵਨਾਵਾਂ ਉਪਜਦੀਆਂ ਹਨ। ਹਾਲਾਂ ਕਿ ਇਹ ਦੋਵੇਂ ਗੱਲਾਂ ਕੁਦਰਤੀ ਹਨ, ਕੋਈ ਚਿੰਤਾ ਦੀ ਗਲ ਨਹੀਂ ਹੁੰਦੀ। ਲਿੰਗੀ ਮਾਮਲਿਆਂ ਵਿੱਚ ਜਿਗਿਆਸਾ ਕਰਕੇ ਜਾਂ ਉਨ੍ਹਾਂ ਨੂੰ ਠੀਕ ਢੰਗ ਦੀ ਸਿੱਖਿਆ ਨਾ ਮਿਲਣ ਕਰਕੇ ਮੁੰਡੇ ਕੁੜੀਆਂ ਵਿੱਚ ਸਮਲਿੰਗੀ ਅਤੇ ਵਲਿੰਗੀ ਵਾਂਗ ਕ੍ਰਿਆਵਾਂ ਕਰਨ ਦੇ ਵਿਚਾਰ ਜਨਮ ਲੈਂਦੇ ਹਨ। ਉਹ ਕਈ ਬੁਰੇ ਸਿੱਟਿਆਂ ਨੂੰ ਸਮਝਣ ਤੋਂ ਬਿਨ੍ਹਾਂ ਹੀ ਸੰਤੁਸ਼ਟੀ ਪ੍ਰਾਪਤ ਕਰਨ ਲਈ ਲਿੰਗੀ ਖ਼ੁਸ਼ੀ ਪ੍ਰਾਪਤ ਕਰਦੇ ਹਨ ਅਤੇ ਬਾਅਦ ਵਿੱਚ ਉਹ ਪਛਤਾਉਂਦੇ ਹਨ ਅਤੇ ਮੁਜਰਮੀ ਭਾਵਨਾਵਾਂ ਪੈਦਾ ਕਰ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਲਈ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

### 1.3.5.6 ਕਿਸ਼ੋਰਾਂ ਲਈ ਸਿੱਖਿਆ (Education for adolescence)

ਕਿਸ਼ੋਰ ਮੁੰਡੇ ਕੁੜੀਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਧ ਜ਼ਰੂਰਤ ਕਿਸ਼ੋਰਾਂ ਦੇ ਮਨੋਵਿਗਿਆਨ ਨੂੰ ਸਮਝਣ ਦੀ ਹੈ ਤਾਂ ਕਿ ਉਨ੍ਹਾਂ ਨੂੰ ਸਹੀ ਢੰਗ ਨਾਲ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿੱਚ ਮਦਦ ਮਿਲੇ।

1. ਕਿਸ਼ੋਰਾਂ ਨੂੰ ਸਰੀਰਕ ਕਸਰਤਾਂ ਅਤੇ ਕ੍ਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
2. ਕਿਸ਼ੋਰਾਂ ਨੂੰ ਸਰੀਰਕ ਵਿਕਾਸ ਨਾਲ ਸੰਬੰਧਿਤ ਸਿੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਲਿੰਗੀ ਸਿੱਖਿਆ ਦਾ ਵੀ ਗਿਆਨ ਦੇਣਾ ਚਾਹੀਦਾ ਹੈ।
3. ਭੱਦੇ ਪਹਿਰਾਵੇ 'ਤੇ ਰੋਕ ਹੋਣੀ ਚਾਹੀਦੀ ਹੈ।
4. ਕਿਸ਼ੋਰਾਂ ਪ੍ਰਤੀ ਸਹਾਨੁਭੂਤੀਪੂਰਨ ਅਤੇ ਪਿਆਰ ਵਾਲਾ ਰਵੱਈਆ ਹੋਣਾ ਚਾਹੀਦਾ ਹੈ।
5. ਕਿਸ਼ੋਰਾਂ ਦੇ ਵਿਅਕਤਿੱਤਵ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਉਹਨਾਂ ਤੋਂ ਜੁੜੇ ਹੋਏ ਮਾਮਲਿਆਂ ਵਿੱਚ ਉਨ੍ਹਾਂ ਦੀ ਰਾਏ ਵੀ ਲੈਣੀ ਚਾਹੀਦੀ ਹੈ ਅਤੇ ਕਿਸ਼ੋਰਾਂ ਨੂੰ ਜ਼ਿੰਮੇਵਾਰੀ ਵਾਲੇ ਕੰਮ ਵੀ ਦੇਣੇ ਚਾਹੀਦੇ ਹਨ।
6. ਨੈਤਿਕ ਸਿੱਖਿਆ ਅਤੇ ਧਾਰਮਿਕ ਸਿੱਖਿਆ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ।
7. ਮਾਪਿਆਂ ਨੂੰ ਕਿਸ਼ੋਰ ਬੱਚਿਆਂ ਦਾ ਪੂਰਾ-ਪੂਰਾ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਕਿ ਬੱਚੇ ਆਪਣੀ ਸਮੱਸਿਆਵਾਂ ਨੂੰ ਸੁਲਝਾ ਸਕਣ।
8. ਸਕੂਲਾਂ ਵਿੱਚ ਕਿਸ਼ੋਰਾਂ ਲਈ ਸਹੀ ਵਿਦਿਅਕ, ਕਿੱਤਾ ਮਈ ਅਤੇ ਮਨੋਵਿਗਿਆਨਕ ਅਗਵਾਈ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ।
9. ਸਕੂਲਾਂ ਵਿੱਚ ਪਾਠਕ੍ਰਮ ਤੋਂ ਇਲਾਵਾ ਵਾਦ-ਵਿਵਾਦ ਪ੍ਰਤਿਯੋਗਤਾ, ਪਰਚਾ ਪੜ੍ਹਨਾ, ਕਵੀ ਸਮੇਲਨ, ਪੇਂਟਿੰਗ, ਕਲਾ ਅਤੇ ਸੰਗੀਤ ਪ੍ਰਤੀਯੋਗਿਤਾ, ਅਕਾਉਂਟਿੰਗ, ਇਤਿਹਾਸਿਕ ਦੌਰੇ ਆਦਿ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਕਿ ਬੱਚੇ ਦੇ ਵਿਅੱਕਤਿੱਤਵ ਦਾ ਸਰਵਪੱਖੀ ਵਿਕਾਸ ਹੋ ਸਕੇ।

### 1.3.6 ਸਾਰਾਂਸ਼ (Summary)

ਸਿੱਖਿਆਰਥੀ ਦਾ ਸੁਭਾਅ ਮਨੁੱਖੀ ਯੋਗਤਾਵਾਂ ਤੇ ਨਿਰਭਰ ਕਰਦਾ ਹੈ। ਸਿੱਖਿਆਰਥੀ ਦੇ ਵਿਕਾਸ ਵਿੱਚ ਅੰਦਰੂਨੀ ਅਤੇ ਬਾਹਰੀ ਤਬਦੀਲੀਆਂ ਆਉਂਦੀਆਂ ਹਨ। ਸਿੱਖਿਆਰਥੀ ਦੇ ਵਿਕਾਸ ਦੇ ਵੱਖ-ਵੱਖ ਪੱਧਰ ਇਸ ਤਰ੍ਹਾਂ ਦੇ ਹਨ: ਸ਼ਿਸ਼ੂਕਾਲ, ਬਚਪਨ, ਕਿਸ਼ੋਰ ਅਵਸਥਾ ਅਤੇ ਬਾਲਗ ਅਵਸਥਾ। ਸ਼ਿਸ਼ੂ ਕਾਲ ਵਿੱਚ ਬੱਚੇ ਦਾ ਸਰੀਰਕ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ। ਬੱਚੇ ਦੇ ਵਿਕਾਸ ਵਿੱਚ ਦੰਦ ਕੱਢਣੇ, ਨਾੜੀ ਸੰਸਥਾਨ, ਰੁਚੀਆਂ, ਪੱਠੇ ਅਤੇ ਪਾਚਨ ਅੰਗਾਂ ਵਿੱਚ ਪਰਿਵਰਤਨ ਆਉਂਦਾ ਹੈ ਅਤੇ ਬੱਚੇ ਦਾ ਭਾਰ ਅਤੇ ਕੱਦ ਵੀ ਵੱਧਦਾ ਹੈ। ਬਚਪਨ ਅਵਸਥਾ ਅਤੇ ਕਿਸ਼ੋਰ ਅਵਸਥਾ ਵਿੱਚ ਵੀ ਸਿੱਖਿਆਰਥੀ ਦਾ ਵਿਕਾਸ ਵੱਖ-ਵੱਖ ਪੜਾਵਾਂ ਤੇ ਹੁੰਦਾ ਹੈ। ਬਾਲਗ ਅਵਸਥਾ ਤੱਕ ਬੱਚੇ ਦਾ ਲਗਾਤਾਰ ਵਿਕਾਸ ਹੋ ਚੁਕਾ ਹੁੰਦਾ ਹੈ। ਕਿਸ਼ੋਰ ਅਵਸਥਾ ਵਿੱਚ ਬੱਚੇ ਦੇ ਸਰੀਰਕ ਵਿਕਾਸ ਵਿੱਚ ਤਬਦੀਲੀਆਂ ਆਉਂਦੀਆਂ ਹਨ। ਸ਼ਿਸ਼ੂਕਾਲ, ਬਚਪਨ ਅਤੇ ਕਿਸ਼ੋਰ ਅਵਸਥਾ ਵਿੱਚ ਸਿੱਖਿਆਰਥੀ ਦਾ ਮਾਨਸਿਕ ਵਿਕਾਸ ਹੁੰਦਾ ਹੈ। ਮਾਨਸਿਕ ਵਿਕਾਸ, ਸਰੀਰਕ ਵਿਕਾਸ ਨਾਲੋਂ ਘੱਟ ਤੇਜ਼ੀ ਨਾਲ ਹੁੰਦਾ ਹੈ ਪਰ ਫਿਰ ਵੀ ਮਾਨਸਿਕ ਵਿਕਾਸ ਨਾਲ ਸੰਬੰਧਿਤ ਹੁੰਦਾ ਹੈ। ਮਾਨਸਿਕ ਵਿਕਾਸ ਵਿੱਚ ਸਿੱਖਿਆਰਥੀ ਦੀ ਭਾਸ਼ਾ ਦਾ ਵਿਕਾਸ, ਕਲਪਨਾ ਸ਼ਕਤੀ, ਰੁਚੀਆਂ, ਯਾਦ ਸ਼ਕਤੀ, ਨਾਇਕ ਪੂਜਾ ਅਤੇ ਬੁੱਧੀ ਵਿਕਾਸ ਹੁੰਦਾ ਹੈ। ਇਹ ਵਿਕਾਸ ਸ਼ਿਸ਼ੂਕਾਲ, ਬਚਪਨ ਕਾਲ ਅਤੇ ਕਿਸ਼ੋਰ ਕਾਲ ਵਿੱਚ ਵੱਖ-ਵੱਖ ਤਰ੍ਹਾਂ ਨਾਲ ਹੁੰਦਾ ਹੈ।

ਸਰੀਰਕ, ਮਾਨਸਿਕ ਪਰਿਵਰਤਨਾਂ ਦੇ ਨਾਲ ਕਿਸ਼ੋਰ ਮੁੰਡੇ ਕੁੜੀਆਂ ਦੀਆਂ ਕਈ ਲੋੜਾਂ ਵੀ ਵੱਧਦੀਆਂ ਹਨ ਅਤੇ ਉਨ੍ਹਾਂ ਨੂੰ ਕਈ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਜ਼ਿਆਦਾ ਉਨ੍ਹਾਂ ਵਿੱਚ ਲਿੰਗ ਸੰਬੰਧ ਲਈ ਲੋੜ ਉਤਪੰਨ ਹੁੰਦੀ ਹੈ। ਇਸ ਦੇ ਨਾਲ ਹੀ ਕਈ ਤਰ੍ਹਾਂ ਦੀਆਂ ਮਨੋਵਿਗਿਆਨਕ ਲੋੜਾਂ ਜਿਵੇਂ ਕਿ ਸੁਰੱਖਿਆ, ਸੁਤੰਤਰਤਾ, ਸਨਮਾਨ ਅਤੇ ਪਿਆਰ ਦੀਆਂ ਲੋੜਾਂ ਵੀ ਪੈਦਾ ਹੁੰਦੀਆਂ ਹਨ। ਇੰਜ ਹੀ ਸਮਾਜਿਕ ਲੋੜਾਂ ਜਿਵੇਂ ਕਿ ਸ੍ਵੈ-ਪ੍ਰਤਿਸ਼ਠਾ, ਸਮਾਜਿਕ ਪ੍ਰਵਾਨਗੀ, ਸ੍ਵੈ-ਪਛਾਣ, ਸ੍ਵੈ-ਸਮਰੂਪਤਾ ਆਦਿ ਬਹੁਤ ਜ਼ਰੂਰੀ ਹਨ, ਕਿਉਂਕਿ ਉਹ ਆਪਣੇ ਕਾਰਜ਼ਾਂ ਵਿੱਚ ਮਾਨਤਾ, ਸ਼ਲਾਘਾ, ਪ੍ਰਸ਼ੰਸਾ ਆਦਿ ਲੈਣਾ ਚਾਹੁੰਦੇ ਹਨ। ਇਸ ਲਈ ਕਿਸ਼ੋਰ ਸ੍ਵੈ-ਸੁਚੇਤ ਰਹਿੰਦੇ ਹਨ, ਕਿਉਂਕਿ ਇਹ ਸਮਾਂ ਸ੍ਵੈ-ਪ੍ਰਗਟਾਵੇ ਅਤੇ ਸ੍ਵੈ-ਸੰਵਾਰਨ ਦਾ ਹੀ ਹੁੰਦਾ ਹੈ। ਕਿਸ਼ੋਰ ਮੁੰਡੇ ਕੁੜੀਆਂ ਜ਼ਿੰਦਗੀ ਵਿੱਚ ਨਵੇਂ ਤਜਰਬੇ ਕਰਨਾ ਬਹੁਤ ਪਸੰਦ ਕਰਦੇ ਹਨ।

ਕਿਸ਼ੋਰ ਅਵਸਥਾ ਵਿੱਚ ਕਈ ਤਬਦੀਲੀਆਂ ਆਉਣ ਕਾਰਨ ਮੁੰਡੇ ਕੁੜੀਆਂ ਲਈ ਬਹੁਤ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਇਨ੍ਹਾਂ ਸਮੱਸਿਆਵਾਂ ਵਿੱਚ ਸਭ ਤੋਂ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ ਸਰੀਰਕ ਤਬਦੀਲੀਆਂ

ਕਾਰਨ ਉਹ ਜ਼ਿਆਦਾ ਆਲੋਚਨਾਤਮਕ ਬਣ ਜਾਂਦੇ ਹਨ। ਘਰੇਲੂ ਸਮੱਸਿਆਵਾਂ ਵਿੱਚ ਉਹ ਚੰਗਾ ਸਮਾਯੋਜਨ ਨਹੀਂ ਕਰ ਸਕਦੇ ਤਾਂ ਹੀ ਸਮਾਜ ਨਾਲ ਠੀਕ ਤਾਲਮੇਲ ਨਹੀਂ ਬਣਾ ਪਾਂਦੇ। ਮਾਪਿਆਂ ਲਈ ਸਮੱਸਿਆਵਾਂ ਪੈਦਾ ਕਰਦੇ ਹਨ। ਸਕੂਲ ਦੀਆਂ ਭੈੜੀਆਂ ਸਥਿਤੀਆਂ ਕਾਰਨ ਵੀ ਬਹੁਤ ਸਾਰੇ ਅਪਚਾਰੀ ਬਣ ਜਾਂਦੇ ਹਨ। ਇੰਝ ਹੀ ਆਰਥਿਕ ਤੰਗੀਆਂ ਕਾਰਨ ਉਹ ਕਈ ਅਸਮਾਜਿਕ ਆਦਤਾਂ ਦੇ ਮਾਲਿਕ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣਾ ਭਵਿੱਖ ਉੱਜਲਾ ਨਜ਼ਰ ਨਹੀਂ ਆਉਂਦਾ, ਇਸ ਲਈ ਉਹ ਸਮਾਜ ਵਿਰੋਧੀ ਕ੍ਰਿਆਵਾਂ ਕਰਦੇ ਹਨ। ਪਰ ਉਨ੍ਹਾਂ ਦੀਆਂ ਸਭ ਤੋਂ ਜ਼ਿਆਦਾ ਖ਼ਤਰਨਾਕ ਸਮੱਸਿਆਵਾਂ ਲਿੰਗੀ ਮਾਮਲਿਆਂ ਸੰਬੰਧੀ ਹੁੰਦੀਆਂ ਹਨ।

### 1.3.7 ਸ਼ਬਦਾਵਲੀ (Glossary)

1. ਕਿਸ਼ੋਰ ਅਵਸਥਾ: 13 ਤੋਂ 18 ਸਾਲ ਦੀ ਉਮਰ ਬੱਚੇ ਦੀ ਕਿਸ਼ੋਰ ਅਵਸਥਾ ਹੁੰਦੀ ਹੈ।
2. ਵਾਧਾ: ਸਰੀਰ ਵਿੱਚ ਹੋਣ ਵਾਲੇ ਮਾਤਰਾਤਮਕ ਪਰਿਵਰਤਨ ਜਿਵੇਂ ਕੱਦ, ਵਜ਼ਨ ਵਿੱਚ ਵਾਧਾ।
3. ਵਿਕਾਸ: ਸਰੀਰ ਵਿੱਚ ਹੋਣ ਵਾਲੇ ਗੁਣਾਤਮਕ ਪਰਿਵਰਤਨ, ਜਿਵੇਂ ਸਿਰ ਦੇ ਵਾਲਾਂ ਦਾ ਸਫ਼ੈਦ ਹੋਣਾ, ਹੱਥ ਦਾ ਆਕਾਰ ਵੱਡਾ ਹੁੰਦਾ ਹੈ ਅਤੇ ਸਾਡੇ ਕੰਮ ਕਰਨ ਦੀ ਸਮਰੱਥਾ ਅਤੇ ਸ਼ਕਤੀ ਵਿੱਚ ਵੀ ਵਿਕਾਸ ਹੁੰਦਾ ਹੈ।

### 1.3.8 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ (Suggested Books and web sources)


1. ਵਾਲੀਆ ਜੇ.ਐਸ. – ਸਿੱਖਿਆ ਮਨੋਵਿਗਿਆਨ ਦੀਆਂ ਬੁਨਿਆਦਾਂ
2. ਚੌਹਾਨ, ਐਸ.ਐਸ. – ਐਡਵਾਂਸਡ ਐਜੂਕੇਸ਼ਨਲ ਸਾਈਕਾਲੋਜੀ
3. ਸਿੰਘ, ਆਗਿਆਜੀਤ – ਸਿੱਖਿਆ ਮਨੋਵਿਗਿਆਨ ਅਤੇ ਅਗਵਾਈ
4. ਸੋਢੀ, ਟੀ.ਐਸ. ਅਤੇ ਸੋਢੀ, ਐਚ. ਕੇ.– ਸਿੱਖਿਅਕ ਅਤੇ ਸਿੱਖਿਆ ਪ੍ਰਣਾਲੀ ਦਾ ਵਿਕਾਸ
5. ਮਨੀਸ਼ ਕੁਮਾਰ ਅਤੇ ਮਨਜੀਤ ਕੌਰ – ਸਿੱਖਿਆ ਮਨੋਵਿਗਿਆਨ

**ਵੈਬ ਸੋਮੇ**

1. en.wikipedia.org 2.www.blurtit.com 3.www.ehow.com 4.yedda.com


### 1.3.9 ਸ੍ਵੈ-ਮੁਲਾਂਕਣ ਅਭਿਆਸ (Self-Check exercise)(ਸਹੀ ਜਾਂ ਗਲਤ ਦੱਸੋ)

**1.** ਕਿਸ਼ੋਰ ਅਵਸਥਾ ਵਿੱਚ ਕੱਦ ਤੇਜ਼ੀ ਨਾਲ ਵੱਧਦਾ ਹੈ।
**2.** ਸ਼ਿਸ਼ੂਕਾਲ ਵਿੱਚ ਕੱਦ ਅਤੇ ਭਾਰ ਬਹੁਤ ਹੀ ਹੌਲੀ-ਹੌਲੀ ਵੱਧਦਾ ਹੈ।
**3.** ਸ਼ਿਸ਼ੂਕਾਲ ਖ਼ਤਮ ਹੋਣ ਤੱਕ ਬੱਚਾ 30-32 ਦੰਦ ਕੱਢ ਲੈਂਦਾ ਹੈ।
**4.** ਜਨਮ ਤੇ ਹੀ ਸ਼ਿਸ਼ੂ ਦਾ ਸਮਾਜਿਕ ਵਿਕਾਸ ਹੋ ਜ਼ਾਂਦਾ ਹੈ।
**5.** ਬਚਪਨ ਕਾਲ ਵਿੱਚ ਬੱਚੇ ਦਾ ਸ਼ਬਦ ਭੰਡਾਰ ਕਾਫ਼ੀ ਵਿਸ਼ਾਲ ਹੁੰਦਾ ਹੈ।
**6.** ਕਿਸ਼ੋਰ ਅਵਸਥਾ ਵਿੱਚ ਲੜਕੀਆਂ ਅਤੇ ਲੜਕਿਆਂ ਦੀਆਂ ਆਵਾਜ਼ਾਂ ਵਿੱਚ ਸਪਸ਼ਟ ਰੂਪ ਵਿੱਚ ਤਬਦੀਲੀ ਆ ਜਾਂਦੀ ਹੈ।
**7.** ਕਿਸ਼ੋਰ ਅਵਸਥਾ ਤਣਾਉ ਅਤੇ ਦਬਾਉ ਜਾਂ ਤੂਫ਼ਾਨ ਅਤੇ ਸੰਘਰਸ਼ ਦਾ ਸਮਾਂ ਹੈ।

ਉੱਤਰ: (1) ਸਹੀ (2) ਗਲਤ (3) ਗਲਤ (4) ਗਲਤ (5) ਸਹੀ
(6) ਸਹੀ (7) ਸਹੀ